# ਸਮਰਪਣ



ਧਰਮ ਭਰਾ ਸ੍ਰਮਣੋਪਾਸਕ
ਸ੍ਰੀ ਪੁਰਸ਼ੋਤਮ ਜੈਨ
ਨੂੰ
10 ਨਵੰਬਰ, 2020
ਨੂੰ ਸਤਿਕਾਰ ਸਹਿਤ ਭੇਂਟ

– ਰਵਿੰਦਰ ਜੈਨ, ਮਾਲੇਰਕੋਟਲਾ


**26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ**
**ਸੰਯੋਜਿਕਾ ਸਮਿਤੀ ਪੰਜਾਬ**

ਕਲੱਬ ਚੌਂਕ, ਪੁਰਾਣਾ ਬਸ ਸਟੈਂਡ, ਮਹਾਵੀਰ ਸਟਰੀਟ,
ਮਾਲੇਰਕੋਟਲਾ – 148023 (ਸੰਗਰੂਰ)
visit us at : www.jainworld.com
M. 88721-99900


# ਆਗਮ ਅਠੁੱਤਰੀ
# AAGAM ATHUTRI




ਮੂਲ ਲੇਖਕ : ਅਚਾਰਿਆ ਅਭੈਦੇਵ ਸੂਰੀ

ਅਨੁਵਾਦਕ :
ਪੁਰਸ਼ੋਤਮ ਜੈਨ – ਰਵਿੰਦਰ ਜੈਨ

# ਆਗਮ ਅਠੁਤਰੀ
# AAGAM ATHUTRI

ਪ੍ਰੇਰਿਕਾ

ਉਪ-ਪ੍ਰਵਰਤਨੀਠ, ਜੈਨ ਜਯੋਤੀ, ਸੰਥਾਰਾ ਸਾਧਿਕਾ

## ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ

ਦੀ ਪ੍ਰਮੁੱਖ ਸ਼ਿਸ਼

ਉੱਤਰ-ਭਾਰਤ ਪ੍ਰਵਰਤਨੀ

## ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ


**ਮੂਲ ਲੇਖਕ : ਅਚਾਰਿਆ ਅਭੈਦੇਵ ਸੂਰੀ**

ਅਨੁਵਾਦਕ :

**ਪੁਰਸ਼ੋਤਮ ਜੈਨ - ਰਵਿੰਦਰ ਜੈਨ**



ਪ੍ਰਕਾਸ਼ਕ :

**26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ**

**ਸੰਯੋਜਿਕਾ ਸਮਿਤੀ ਪੰਜਾਬ**

ਮਹਾਂਵੀਰ ਸਟਰੀਟ, ਪੁਰਾਣਾ ਬਸ ਸਟੈਂਡ, ਕਲੱਬ ਚੌਂਕ,

ਮਾਲੇਰਕੋਟਲਾ - 148023 (ਪੰਜਾਬ)

# ਆਗਮ ਅਠੁੱਤਰੀ



**ਮੂਲ ਲੇਖਕ : ਅਚਾਰਿਆ ਅਭੈਦੇਵ ਸੂਰੀ**

**ਅਨੁਵਾਦਕ :**
**ਪੁਰਸ਼ੋਤਮ ਜੈਨ - ਰਵਿੰਦਰ ਜੈਨ**

# ਅਨੁਵਾਦਕਾਂ ਵੱਲੋਂ ਬੇਨਤੀ

ਆਗਮ ਅਨੁੱਤਰੀ ਇੱਕ ਛੋਟੇ ਆਕਾਰ ਦਾ ਗ੍ਰੰਥ ਹੈ, ਜਿਸ ਵਿੱਚ ਦੇਵ, ਗੁਰੂ ਤੇ ਧਰਮ ਦੀ ਵਿਆਖਿਆ ਕੀਤੀ ਗਈ ਹੈ। ਇਹ ਛੋਟੀ ਜਿਹੀ ਰਚਨਾ ਵਿੱਚ ਆਚਾਰਿਆ ਅਭੈਦੇਵ ਸੂਰੀ ਨੇ ਆਪਣੀ ਵਿਦਵਤਾ ਨਾਲ ਰਤਨਤ੍ਰੈ ਧਰਮ ਦਾ ਵਿਵੇਚਨ ਕੀਤਾ ਹੈ। ਸਭ ਤੋਂ ਪਹਿਲਾਂ ਭਗਵਾਨ ਮਹਾਵੀਰ ਨੂੰ ਨਮਸਕਾਰ ਕਰਕੇ ਗਿਆਰਾਂ ਗੰਧਰਾਂ (ਇੰਦਭੂਤੀ ਆਦਿ ਭਗਵਾਨ ਮਹਾਵੀਰ ਦੇ 11 ਪ੍ਰਮੁੱਖ ਚੇਲੇ) ਨੂੰ ਨਮਸਕਾਰ ਕੀਤਾ ਹੈ। ਦ੍ਰਵ ਅਤੇ ਭਾਵ ਦੀ ਪਰੰਪਰਾ ਤੋਂ ਅਚਾਰਿਆ ਦੀ ਮਾਨਤਾ ਹੈ ਕਿ ਦੇਵਾਦੀ ਗਣੀ ਸ਼ਮਾਸ਼ਮਣ ਤੱਕ ਸ਼ੁੱਧ ਧਰਮ ਦੀ ਪਰੰਪਰਾ ਚੱਲੀ। ਉਸ ਤੋਂ ਬਾਅਦ ਇਸ ਵਿੱਚ ਅਨੇਕਾਂ ਬੁਰਾਈਆਂ ਆ ਗਈਆਂ ਅਤੇ ਦ੍ਰਵ ਪਰੰਪਰਾ ਸ਼ੁਰੂ ਹੋ ਗਈ। ਦ੍ਰਵ ਪਰੰਪਰਾ ਨੂੰ ਉਹਨਾਂ ਨੇ ਵੇਸ਼ਿਆ ਅਤੇ ਚੰਡਾਲ ਅਤੇ ਭਾਵ ਪਰੰਪਰਾ ਨੂੰ ਉਹਨਾਂ ਗ੍ਰਹਿਸਥੀ ਅਤੇ ਰਾਜਾ ਕਰੰਡਕ ਨਾਲ ਤੁਨਾ ਕੀਤੀ ਹੈ। ਇਸ ਗ੍ਰੰਥ ਵਿੱਚ ਕੁਝ ਵਿਗੜੇ ਹੋਏ ਜੈਨ ਸਾਧੂ ਪਦਤੀ ਦਾ ਵਰਨਣ ਹੈ। ਇਸ ਗ੍ਰੰਥ ਦੀ ਵਿਸ਼ੇਸ਼ਤਾ ਇਹ ਹੈ ਕਿ ਦੇਵ ਦਾ ਸਰੂਪ ਨਵੇਂ ਢੰਗ ਨਾਲ ਕੀਤਾ ਗਿਆ ਹੈ। ਜਿਨੇਂਦਰ ਭਗਵਾਨ ਦੀ ਆਗਿਆ ਦਾ ਪਾਲਣ ਕਰਨਾ ਹੀ ਜਿਨੇਂਦਰ ਦੇਵ ਦੀ ਅਰਾਧਨਾ ਹੈ। ਜਿਨੇਂਦਰ ਦੇਵ ਦੀ ਆਗਿਆ ਨਾਲ ਕੀਤਾ ਗਿਆ ਕਿਰਿਆ-ਕਾਂਡ ਬਰੋਟੇ ਦੇ ਦਰਖ਼ਤ ਦੀ ਤਰ੍ਹਾਂ ਵਿਸਥਾਰ ਪਾਉਂਦਾ ਹੈ। ਅਜਿਹਾ ਕਿਰਿਆ ਕਾਂਡ ਪਾਪ ਨੂੰ ਦੂਰ ਕਰਨ ਵਾਲਾ ਹੈ ਜਿਵੇਂ ਸੂਰਜ ਦੀ ਕਿਰਨ ਦਸਾਂ ਦਿਸ਼ਾਵਾਂ ਦੇ ਹਨ੍ਹੇਰ ਨੂੰ ਮਿਟਾ ਦਿੰਦੀ ਹੈ।

ਗ੍ਰੰਥਕਾਰ ਦਾ ਮੰਨਣਾ ਹੈ ਕਿ ਜੋ ਪ੍ਰਾਣੀ ਆਗਿਆ ਨੂੰ ਮਹੱਤਵ ਨਹੀਂ ਦਿੰਦਾ ਅਤੇ ਅਹੰਕਾਰ ਨਾਲ ਉਸ ਨੂੰ ਭੰਗ ਕਰਦਾ ਹੈ, ਉਸ ਦੀ ਬੁੱਧੀਮੱਤਾ ਤੇ ਚਤੁਰਾਈ ਬੇਕਾਰ ਹੈ। ਉਸ ਦਾ ਕੀਤਾ ਧਰਮ ਕਰਮ ਧਤੂਰੇ ਦੇ ਫੁੱਲ ਦੀ ਤਰ੍ਹਾਂ ਨਿਰਅਰਥਕ ਹੈ। ਆਗਿਆ ਭ੍ਰਿਸ਼ਟ ਮਨੁੱਖ ਕਾਂ, ਮਿਰਗ, ਦਰਖ਼ਤ, ਪੱਕਰ, ਗਧਾ, ਘਾਹ ਅਤੇ ਕੁੱਤੇ ਦੀ ਹੁੰਦੇ ਹਨ। ਇਸ ਗ੍ਰੰਥ ਵਿੱਚ ਕਵੀ ਨੇ ਪਹਿਲਾਂ ਗਾਂ ਦੇ ਗੁਣਾਂ ਦੀ ਵਿਆਖਿਆ ਕੀਤੀ ਹੈ। ਗ੍ਰੰਥਕਾਰ ਨੇ ਆਗਿਆ ਤੋਂ ਬਾਹਰ ਮਨੁੱਖ ਦਾ ਚਰਿੱਤਰ ਵੇਸ਼ਿਆ ਅਤੇ ਨੌਕਰਾਨੀ ਦੇ ਪ੍ਰੇਮ ਦੀ ਤਰ੍ਹਾਂ ਅਸਥਿਰ, ਚਿੰਪਾਕ ਫ਼ਲ ਦੀ ਤਰ੍ਹਾਂ ਸਾਰ ਹੀਣ ਅਤੇ ਤਪਦੇ ਲੋਹੇ 'ਤੇ ਸਵਾਤੀ ਨਛੱਤਰ ਦਾ ਪਾਣੀ ਡਿੱਗਣ ਦੇ ਸਮਾਨ ਨਿਹਫ਼ਲ ਹੁੰਦਾ ਹੈ।

ਆਚਾਰਿਆ ਨੇ ਸ਼ਰਧਾ ਰਹਿਤ ਮਨੁੱਖ ਨੂੰ ਨਮਸਕਾਰ ਕਰਨ ਲਈ ਸਮਿਅਕਤਵੀ ਨੂੰ ਰੋਕਿਆ ਹੈ। ਅਚਾਰਿਆ ਨੇ ਸੱਜਣ, ਦੁਰਜਨ ਦੀ ਸੰਗਤ ਦੇ ਸਿੱਟੇ ਨੂੰ ਉਪਮਾਵਾਂ ਨਾਲ ਸਮਝਾਇਆ ਹੈ ਜਿਵੇਂ ਚੰਦਨ ਦੇ ਦਰਖ਼ਤ ਦੀ ਹਵਾ ਤੋਂ ਨਿੰਮ ਆਦਿ ਦੇ ਦਰਖ਼ਤ ਵੀ ਚੰਦਨ ਦੀ ਸੁਗੰਧ ਵਿੱਚ ਬਦਲ ਜਾਂਦੇ ਹਨ ਅਤੇ ਚੰਪਾ ਦੇ ਫੁੱਲ ਤੋਂ ਸੁਗੰਧਿਤ ਤਿਲ ਦੀ ਚੰਪਾ ਦੀ ਸੁਗੰਧ ਵਾਲੇ ਹੋ ਜਾਂਦੇ ਹਨ। ਸਵਾਤੀ ਨਛੱਤਰ ਦਾ ਪਾਣੀ ਸਿੱਪੀ ਦੇ ਮੂੰਹ ਵਿੱਚ ਡਿੱਗਣ ਨਾਲ ਮੋਤੀ, ਸੱਪ ਦੇ ਮੂੰਹ ਵਿੱਚ ਡਿੱਗਣ ਨਾਲ ਜ਼ਹਿਰ ਅਤੇ ਕੇਲੇ ਦੇ ਪੱਤੇ ਨਾਲ ਡਿੱਗਣ ਨਾਲ ਕਪੂਰ ਬਣ ਜਾਂਦਾ ਹੈ।

ਗ੍ਰੰਥਕਾਰ ਦਾ ਮੰਨਣਾ ਹੈ ਕਿ ਸਾਧੂ ਪੁਰਸ਼ਾਂ ਦੀ ਸੰਗਤ ਦਾ ਪ੍ਰਭਾਵ ਇਨ੍ਹਾਂ 'ਤੇ ਨਹੀਂ ਪੈਂਦਾ ਕਿਉਂਕਿ ਉਹ ਆਪਣਾ ਮੂਲ

ਸੁਭਾਅ ਨਹੀਂ ਛੱਡਦੇ। ਜਿਵੇਂ ਚੰਦਨ ਦੀ ਵੇਲ 'ਤੇ ਲਿਪਟਿਆ ਸੱਪ ਆਪਣਾ ਜ਼ਹਿਰ ਨਹੀਂ ਛੱਡਦਾ। ਕਸਤੂਰੀ ਦੇ ਨਸ਼ੇ ਵਿੱਚ ਰਹਿਣ ਵਾਲਾ ਵੀ ਲਸਣ ਦੀ ਗੰਧ ਨਹੀਂ ਛੱਡਦਾ। ਕੰਚ ਦੀ ਮਣੀ ਦੇ ਨਾਲ ਲਿਪਟਿਆ ਹੋਇਆ ਬੈਧੂਰਿਆ ਰਤਨ ਕੰਚ ਮਣੀ ਵਿੱਚ ਤਬਦੀਲ ਨਹੀਂ ਹੁੰਦਾ। ਚੁਗਲੀ ਤੇ ਨਿੰਦਾ ਦੇ ਦੋਸ਼ਾਂ ਨੂੰ ਪ੍ਰਗਟ ਕਰਦੇ ਹੋਏ ਆਚਾਰਿਆ ਆਖਦੇ ਹਨ ਕਿ ਸਾਧੂ ਦੀ ਨਿੰਦਾ ਕਰਨ ਨਾਲ ਪਰਲੋਕ ਵਿੱਚ ਘੋਰ ਦਰਿੱਦਰ ਅਤੇ ਵਿਘਨ ਪੈਦਾ ਹੁੰਦੇ ਹਨ। ਉਸ ਮਨੁੱਖ ਨੂੰ ਗਿਆਨ ਪ੍ਰਾਪਤ ਨਹੀਂ ਹੁੰਦਾ। ਅਸਾਧੂ ਦੇ ਸਾਹਮਣੇ ਸਾਧੂ ਦੀ ਨਿੰਦਾ ਕਰਨ ਨਾਲ ਜੀਵ ਹੱਥ ਪੈਰ ਤੋਂ ਰਹਿਤ ਗੂੰਗਾ, ਅੰਨ੍ਹਾ, ਦਰਿੱਦਰੀ ਅਤੇ ਘੋਰ ਦੁੱਖਾਂ ਨੂੰ ਪ੍ਰਾਪਤ ਕਰਦਾ ਹੈ। ਅੰਤ ਵਿੱਚ ਅਚਾਰਿਆ ਨੇ ਲਲਿਤਾਂਗ ਕੁਮਾਰ, ਭੀਮ ਕੁਮਾਰ, ਧਮਿਲ, ਦਾਮਨਿਕ, ਅੰਗੜਦੱਤ ਆਦਿ ਕਥਾਵਾਂ ਦਾ ਵਰਨਣ ਕੀਤਾ।

ਇਸ ਸ਼ਾਸਤਰ ਵਿੱਚ ਕੁਝ ਸ਼ਗਨ ਸ਼ਾਸਤਰ ਦਾ ਵੀ ਵਰਨਣ ਹੈ। ਇਸ ਗ੍ਰੰਥ ਵਿੱਚ 108 ਗਾਥਾਵਾਂ ਹਨ। ਇਸ ਗ੍ਰੰਥ ਦੇ ਕਰਤਾ ਅਭੈਦੇਵ ਸੂਰੀ ਮੰਨੇ ਗਏ ਹਨ। ਅਭੈਦੇਵ ਸੂਰੀ ਨਾਂਅ ਦੇ ਤਿੰਨ ਆਚਾਰਿਆ ਹੋਏ ਹਨ – ਪਹਿਲੇ 11ਵੀਂ-12ਵੀਂ ਸਦੀ ਵਿੱਚ ਹੋਏ ਹਨ, ਜੋ ਦਰਸ਼ਨ ਦੇ ਮਹਾਨ ਵਿਦਵਾਨ ਸਨ, ਜਿਹਨਾਂ ਸਿੱਧਸੈਨ ਦੇ ਸਨਮਤੀ ਤਰਕ ਪ੍ਰਕਰਣ 'ਤੇ 25 ਹਜ਼ਾਰ ਸ਼ਲੋਕਾਂ ਦੀ ਟੀਕਾ ਲਿਖੀ ਸੀ, ਦੂਜੇ ਅਭੈਦੇਵ ਸੂਰੀ 12ਵੀਂ ਸਦੀ ਵਿੱਚ ਹੋਏ ਜੋ ਨਵਾਂਗੀ ਟੀਕਾਕਾਰ ਦੇ ਰੂਪ ਵਿੱਚ ਪ੍ਰਸਿੱਧ ਹਨ। ਸਾਡੀ ਮਾਨਤਾ ਅਨੁਸਾਰ ਇਸ ਗ੍ਰੰਥ ਦੇ ਰਚੀਅਤਾ ਇਹੋ ਅਭੈਦੇਵ ਸੂਰੀ ਹਨ। ਕਿਉਂਕਿ ਉਹ ਪ੍ਰਾਕ੍ਰਿਤ ਭਾਸ਼ਾ ਦੇ ਪ੍ਰਕਾਂਡ ਪੰਡਿਤ ਤੇ ਮਹਾਨ

ਟੀਕਾਕਾਰ ਸਨ। ਤੀਸਰੇ ਅਭੈਦੇਵ 16ਵੀਂ-17ਵੀਂ ਸਦੀ ਵਿੱਚ ਹੋਏ ਜਿਸ ਨੂੰ ਸਿੱਧ ਰਾਜਾ ਜੈ ਸਿੰਘ ਨੇ ਮਲਧਾਰੀ ਪਦਵੀ ਪ੍ਰਦਾਨ ਕੀਤੀ ਸੀ। ਪਰ ਸਭ ਕੁਝ ਵਿਚਾਰ ਕਰਦੇ ਹੋਏ ਇਸ ਰਚਨਾ ਦੇ ਲੇਖਕ ਨਵਾਂਗੀ ਟੀਕਾਕਾਰ ਅਚਾਰਿਆ ਅਭੈਦੇਵ ਸੂਰੀ ਹਨ। ਅਠੁੱਤਰੀ ਤੋਂ ਲੱਗਦਾ ਹੈ ਕਿ ਇਸ ਗ੍ਰੰਥ ਵਿੱਚ 108 ਗਾਥਾਵਾਂ ਹੋਣੀਆਂ ਚਾਹੀਦੀਆਂ ਹਨ ਪਰੰਤੂ ਵਰਤਮਾਨ ਵਿੱਚ ਇਸ ਗ੍ਰੰਥ ਵਿੱਚ 115 ਗਾਥਾਵਾਂ ਹਨ। 7 ਗਾਥਾਵਾਂ ਬਾਅਦ ਵਿੱਚ ਮਿਲਾਈਆਂ ਗਈਆਂ ਪਰ ਇਹ ਨਹੀਂ ਪਤਾ ਕਿ ਕਿਹੜੀ ਗਾਥਾ ਕਦ ਮਿਲਾਈ ਗਈ। ਨਵਾਂਗੀ ਟੀਕਾਕਾਰ ਆਚਾਰਿਆ ਅਭੈਦੇਵ ਦੀ ਰਚਨਾ ਹੋਣ ਕਾਰਨ ਇਸ ਗ੍ਰੰਥ ਦਾ ਸਮਾਂ ਬ੍ਰਿਕਮ ਦੀ 15ਵੀਂ-16ਵੀਂ ਸਦੀ ਹੋਣਾ ਚਾਹੀਦਾ ਹੈ। ਉਂਝ ਇਸ ਗ੍ਰੰਥ ਦੀ ਕੋਈ ਹੱਥ ਲਿਖਤ ਪ੍ਰਤੀ 16ਵੀਂ ਸ਼ਤਾਬਦੀ ਤੋਂ ਪਹਿਲਾਂ ਦੀ ਨਹੀਂ ਮਿਲਦੀ।

## ਇਸ ਗ੍ਰੰਥ ਦੀ ਪ੍ਰੇਰਿਕਾ

ਇਸ ਗ੍ਰੰਥ ਦੀ ਪ੍ਰੇਰਨਾ ਸੰਥਾਰਾ ਸਾਧਿਕਾ, ਉਪ-ਪ੍ਰਵਰਤਨੀ, ਜਿਨ ਸ਼ਾਸਨ ਪ੍ਰਭਾਵਿਕਾ, ਜੈਨ ਜੋਤੀ ਸਾਧਵੀ ਸ਼੍ਰੀ ਸਵਰਣ ਕਾਂਤਾ ਜੀ ਮਹਾਰਾਜ ਜੀ ਦੀ ਪ੍ਰਮੁੱਖ ਚੇਲੀ ਉੱਤਰ-ਭਾਰਤ ਪਰਿਵਰਤਨੀ, ਸਰਲ ਆਤਮਾ, ਜੈਨ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ ਹਨ। ਜਿਨ੍ਹਾਂ ਦੀ ਕ੍ਰਿਪਾ ਅਤੇ ਆਸ਼ੀਰਵਾਦ ਨਾਲ ਅਸੀਂ ਇਹ ਕੰਮ ਸੰਪੂਰਨ ਕੀਤਾ ਹੈ।

ਅਸੀਂ ਜੈਨ ਵਰਲਡ ਫ਼ਾਊਂਡੇਸ਼ਨ ਯੂ.ਐਸ.ਏ. ਅਟਲਾਂਟਾ ਦੇ ਪ੍ਰਧਾਨ ਸ਼੍ਰੀ ਵਿਨੋਦ ਦਰਿਆਪੁਰਕ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ

ਆਪਣੀ ਵੈੱਬਸਾਈਟ *www.jainworld.com* ਵਿੱਚ ਇਸ ਗ੍ਰੰਥ ਨੂੰ ਥਾਂ ਦੇ ਕੇ ਧਰਮ ਪ੍ਰਚਾਰ ਦੇ ਕੰਮ ਨੂੰ ਅੱਗੇ ਵਧਾਇਆ ਹੈ।

**10 ਨਵੰਬਰ, 2020** **ਪੁਰਸ਼ੋਤਮ ਜੈਨ - ਰਵਿੰਦਰ ਜੈਨ**

**ਮਾਲੇਰਕੋਟਲਾ**

# ਆਗਮ ਅਠੂਤਰੀ

1 - 2

ਭਗਵਾਨ ਵਰਧਮਾਨ ਦਾ ਉਹ ਕਮਲ ਦੇ ਫੁੱਲ ਵਰਗਾ ਮੁਖੜਾ ਮੈਨੂੰ ਚੰਗੇ ਅਰਥ ਨਾਲ ਮੁਲਾਕਾਤ ਕਰਵਾਏ। ਜਿਸ ਵਿੱਚ ਵਿਸ਼ਾਲ ਅੱਖਾਂ ਰੂਪੀ ਕਮਲ ਦੇ ਪੱਤੇ ਹਨ ਜੋ ਵਿਸ਼ੁੱਧ ਦੰਦਾਂ ਦੀ ਕਿਰਨ ਰੂਪੀ ਪਰਾਗ ਨਾਲ ਸੁਸ਼ੋਭਿਤ ਹਨ, ਬੁੱਲ੍ਹਾਂ ਰੂਪੀ ਪੱਤਿਆਂ ਨਾਲ ਸੁਸ਼ੋਭਿਤ ਹਨ। ਜੋ ਭਵ ਪ੍ਰਾਣ ਰੂਪੀ ਭੌਰਿਆਂ ਦੀ ਕਤਾਰਾਂ ਰਾਹੀਂ ਸੁਸ਼ੋਭਿਤ ਹਨ, ਜਿਨ੍ਹਾਂ ਦੇ ਯਸ਼ ਦੀ ਸੁਗੰਧ ਚਹੁੰ ਪਾਸੇ ਅਤੇ ਸਿਥਾਰ ਹੋ ਰਹੀ ਹੈ ਅਤੇ ਜੋ ਕੇਵਲ ਗਿਆਨ ਰੂਪੀ ਸੂਰਜ ਦੀ ਕਿਰਨਾਂ ਰਾਹੀਂ ਕਿਸਤ ਹਨ।

3

ਸ਼੍ਰੀ ਵਰਧਮਾਨ ਸਵਾਮੀ ਅਤੇ ਸਾਰੇ ਗਣੀਪਿਟਕ ਨੂੰ ਧਾਰਨ ਕਰਨ ਵਾਲੇ ਜੋ ਗਿਆਰਾਂ ਗਣਧਰ ਹਨ, ਉਨ੍ਹਾਂ ਦੇ ਨਾਮ ਦਾ ਜ਼ਿਕਰ ਕਰਕੇ ਨਮਸਕਾਰ ਕਰਦਾ ਹਾਂ।

4

ਸ਼੍ਰੀ ਵਰਧਮਾਨ ਦੇ ਪਟ ਤੇ ਪਹਿਲੇ ਪਟਧਰ (ਮੁਖੀ) ਗੌਤਮ ਸਵਾਮੀ ਹੋਏ। ਉਨ੍ਹਾਂ ਦੇ ਪਟਧਰ ਸੁਧਰਮਾ ਹੋਏੈ, ਜਿਨ੍ਹਾਂ ਦੀ ਅੱਗੇ ਤੀਰਥ-ਪਰੰਤਰਾ ਚੱਲੀ।

5

ਅੱਜ ਤੱਕ ਜਿੰਨੇ ਵੀ ਸ਼੍ਰਮਣ (ਜੈਨ ਸਾਧੂ) ਹੋਏ ਹਨ, ਉਹ ਸਭ ਸੁਧਰਮਾ ਸਵਾਮੀ ਦੇ ਚੇਲੇ ਹਲ। ਇਸ ਦਾ ਇਹ ਸਾਰੀ ਭਾਵ ਪਰੰਪਰਾ ਵਾਲੇ ਤੀਰਥ ਦੀ ਸਥਾਪਨਾ ਵਾਲੇ ਹੋਏ।

6

ਸੂਤਰ ਤੇ ਅਰਥ ਦੀ ਵਿਆਖਿਆ ਦੇ ਆਧਾਰ ਤੋਂ ਪਾਵ ਪਰੰਪਰਾ ਜਾਨਣੀ ਚਾਹੀਦੀ ਹੈ। ਸ਼੍ਰੀ ਜੰਬੂ ਸਵਾਮੀ ਦੇ ਚੇਲੇ ਪਰੰਪਰਾ ਆਗਮ ਗ੍ਰੰਥਾਂ ਨਾਲ ਗ੍ਰਹਿਣ ਕਰਨੀ ਚਾਹੀਦੀ ਹੈ।

7

ਆਗਮ ਦੇ ਅਨੁਸਾਰ ਆਚਰਣ ਕਰਨ ਵਾਲੇ ਅਤੇ ਆਤਮ ਹਿੱਤ ਦੀ ਇੱਛਾ ਰੱਖਣ ਵਾਲੇ ਸਾਧੂ ਦੇ ਲਈ ਤੀਰਥੰਕਰ (ਦੇਵ) ਗੁਰੂ ਤੇ ਧਰਮ ਇਹ ਸਭ ਤੋਂ ਜ਼ਿਆਦਾ ਮੰਨਣਯੋਗ ਹਨ।

8

(ਇੱਕ ਪਿੰਡ ਵਿੱਚ) ਰਾਜਾ ਦੇ ਲਈ ਘਾਹ-ਫੂਸ ਦਾ ਘਰ, ਪਿੰਡ ਦੇ ਮਾਲਿਕ ਦੇ ਲਈ ਚਿੱਤਰਾਂ ਵਰਗਾ ਸੁੰਦਰ ਘਰ ਬਣਾਇਆ ਗਿਆ। ਉਲਟ ਆਚਰਣ ਦੇ ਕਾਰਨ ਮਾਲਕ (ਠਾਕੁਰ) ਅਤੇ ਪਿੰਡ ਵਾਲੇ ਦੋਹਾਂ ਨੂੰ ਰਾਜਾ ਨੇ ਸਜ਼ਾ ਦਿੱਤੀ। ਇਹ ਉਪਨਵ ਹੈ (ਭਾਵ ਰਾਜਾ ਦੇ ਹੁਕਮ ’ਤੇ ਪਿੰਡ ਵਾਲੇ ਅਤੇ ਠਾਕੁਰ ਨੂੰ ਸਜ਼ਾ ਹੋਈ ਉਸੇ ਪ੍ਰਕਾਰ ਤੀਰੱਕਰ ਦੇ ਹੁਕਮ ਦਾ ਖੰਡਨ ਕਰਨ ਵਾਲਾ ਅਚਾਰਿਆ ਤੇ ਸਾਧੂ - ਇਹ ਦੋਵੇਂ ਸਜ਼ਾ ਪਾਉਂਦੇ ਹਨ)।

9

ਆਗਮ ਤੋਂ ਭ੍ਰਿਸ਼ਟ ਸਾਧੂ, ਰਾਜ ਭ੍ਰਿਸ਼ਟ (ਸਤਾ ਤੋਂ ਰਹਿਤ) ਉੱਤਮ ਰਾਜਾ ਤੇ ਧਨ ਭ੍ਰਿਸ਼ਟ ਵਿਉਪਾਰੀ ਇਹ ਸਭ ਇੱਕ ਕੌੜੀ ਦਾ ਮੁੱਲ ਵੀ ਪ੍ਰਾਪਤ ਨਹੀਂ ਕਰਦੇ।

10

ਆਮ ਲੋਕਾਂ ਦੀ ਇਹ ਹਾਲਤ ਹੈ ਕਿ ਦਾਦਾ-ਪੜਦਾਦਾ ਦੀ ਜੋ ਕੁਲ ਪ੍ਰੰਪਰਾ ਚੱਲ ਰਹੀ ਹੈ, ਉਹ ਦਰਵ ਪ੍ਰੰਪਰਾ ਅਖਵਾਉਂਦੀ ਹੈ। ਉਸ ਕੁਲ ਕ੍ਰਮ ਨੂੰ ਭੰਗ ਨਹੀਂ ਕੀਤਾ ਜਾਂਦਾ।

11

ਮੂਰਖ ਲੋਕਾਂ ਦੀ ਇਹ ਹਾਲਤ ਹੈ ਕਿ ਉਹ ਜਿਨ ਭਗਵਾਨ ਦੇ ਬਚਨ ਦੇ ਰਾਹ ਤੋਂ ਭਰਿਸ਼ਟ ਹੋਹ ਕੇ ਬੋਧਿ-ਪਾਵ (ਗਿਆਨ) ਤੋਂ ਹਾਰ ਜਾਂਦੇ ਹਨ, ਉਹ ਆਤਮ ਹਿੱਤ ਨੂੰ ਨਹੀਂ ਪਛਾਣਦੇ।

12

ਖਾਨਦਾਲੀ ਰੂਪੀ ਦਰੱਵ ਪ੍ਰੰਪਰਾ ਸੰਜਮ ਤੋਂ ਭਰਿਸ਼ਟ ਲੋਕਾਂ ਦੇ ਹੁੰਦੀ ਹੈ। ਧਰਮ ਰੂਪੀ ਭਾਵ ਪ੍ਰੰਪਰਾ ਜਿਨੇਂਦਰ ਆਗਿਆ ਦੇ ਰੂਪ ਵਿੱਚ ਪ੍ਰਸਿੱਧ ਹੈ।

13

ਦਰੱਵ ਪਰੰਪਰਾ ਵਿੱਚ ਪ੍ਦੋਤ ਦਾ ਉਦਾਹਰਣ ਹੈ। ਜਿਸ ਨੇ ਮਿਰਗਾਵਤੀ ਦੇ ਪ੍ਰੇਮ - ਰਾਗ ਵੱਸ - ਹੋ ਕੇ ਮਿਰਗਾਸੁਤ ਨਾਮ ਦੇ ਬਹਾਨੇ ਕੋਸ਼ਾਂਬੀ ਨਗਰੀ ਦਾ ਕਿਲਾ ਬਣਵਾਇਆ।

14

ਦੇਵਾਰਧਗਣੀ ਸ਼ਮਾਸ਼੍ਰਮਣ ਤੱਕ ਮੈਂ ਭਾਵ ਪਰੰਪਰਾ ਮੰਨਦਾ ਹਾਂ। ਬਾਅਦ ਵਿੱਚ ਅਨੇਕਾਂ ਦਰੱਵ ਪਰੰਪਰਾਵਾਂ ਸ਼ਿਥਲਾਚਾਰ ਵਿੱਚ ਸਥਾਪਤ ਹੋ ਗਈਆਂ।

15

ਆਪਦੇ ਆਪਣੇ ਗੁਣ ਦੇ ਅਨੁਰਾਗ (ਮਮਤਾ) ਤੋਂ ਹੋਣ ਵਾਲੀ ਦਰੱਵ ਪਰੰਪਰਾ ਨੂੰ ਵੇਸ਼ਿਆ ਅਤੇ ਚੰਡਾਲ ਦੇ ਗਹਿਣੇ ਦੀ ਪੇਟੀ ਦੇ ਸਮਾਨ ਜਾਨਣਾ ਚਾਹੀਦਾ ਹੈ।

16

ਜੋ ਆਚਾਰ ਸ਼ੁੱਧ ਨਹੀਂ ਹੈ, ਪਾਰਸ਼ਵਥ ਅਤੇ ਪ੍ਰਮਾਦ ਵਾਲੇ ਸੰਜਮੀ ਦੇ ਗਤੀ ਗ੍ਰਹਿਣ ਕੀਤਾ ਹੈ। ਅਨੇਕਾਂ ਅਚਾਰਿਆਂ ਰਾਹੀਂ ਗਲਤ ਆਚਾਰ ਹੋ ਕੇ ਵੀ ਉਹ ਸ਼ੁੱਧ ਅਚਾਰ ਨਹੀਂ ਹੈ।

17

ਸ਼ੁੱਧ ਭਾਵ ਪਰੰਪਰਾ ਰਾਜਾ ਅਤੇ ਘਰ ਵਿੱਚ ਰਹਿਣ ਵਾਲੇ ਕਰੰਡਕ ਦੀ ਤਰ੍ਹਾਂ ਸ੍ਰੇਸ਼ਟ ਲੋਕਾਂ ਦਾ ਗ੍ਰਹਿਣ ਕੀਤੀ ਜਾਂਦੀ ਹੈ। ਜਿਨੇਸ਼ਵਰ ਭਗਵਾਨ ਦੀ ਆਗਿਆ ਆਰਿਆ ਸੁਧਰਮਾ ਤੋਂ ਲੈ ਕੇ ਬਿਨਾਂ ਰੁਕਾਵਟ ਦੇ ਚੱਲ ਰਹੀ ਹੈ।

18

ਸਾਧੂਆਂ ਦੇ ਸਰੀਰਕ ਆਕਾਰ, ਬੁੱਧੀ ਅਤੇ ਬਲ ਨੂੰ ਘੱਟ ਜਾਣ ਕੇ ਆਚਾਰ-ਵਿਵਹਾਰ ਦਾ ਗਿਆਨੀ ਸਾਧੂਆਂ ਦੇ ਰਾਹੀਂ ਆਚਰਨ ਕੀਤਾ ਜਾਂਦਾ ਹੈ। ਉਹ ਤਪ ਆਦਿ ਦੇ ਸਮੇਜ ਵਿੱਚ ਗ੍ਰਹਿਣ ਕਰਨ ਯੋਗ ਹੈ।

19

ਸੰਵਿਘਨ ਅਤੇ ਦਾਂਤ ਇੰਦਰੀਆਂ ਦਾ ਸੰਜਮ ਰੱਖਣ ਵਾਲੇ ਸਾਧੂ ਦੇ ਰਾਹੀਂ ਗ੍ਰਹਿਣ ਕਰਨ ਵਾਲਾ ਹੋਣ 'ਤੇ ਵੀ ਉਹ ਸੰਜਮ ਵਿਵਹਾਰਕ ਹੁੰਦਾ ਹੈ।

20

ਚੰਗੇ ਆਚਰਨ ਵਾਲੇ ਸਾਧੂ ਰਾਹੀਂ ਗ੍ਰਹਿਣ, ਪਾਪ ਰਹਿਤ ਵਿਵਹਾਰ, ਜਿਸ ਤੋਂ ਗਿਆਨੀਆਂ ਨੇ ਇਨਕਾਰ ਨਹੀਂ ਕੀਤਾ ਉਹ ਬਹੁਤ ਗੁਣਾਂ ਵਾਲੇ ਹਨ, ਅਜਿਹਾ ਸਮਝ ਕੇ ਉਸ 'ਤੇ ਆਚਰਨ ਕਰਨਾ ਚਾਹੀਦਾ ਹੈ।

21-22

ਆਵਸ਼ਕ ਆਦਿ ਕ੍ਰਿਆ ਕਰਨਾ, ਇੱਛਾਕਾਰ (ਕੰਮ ਕਰਨ ਕਰਾਉਣ ਵਿੱਚ ਆਖਣਾ ਜਿਵੇਂ ਤੁਹਾਡੀ ਮਰਜ਼ੀ ਹੋਵੇ ਮੇਰਾ ਕੰਮ ਕਰੋ) ਮਿੱਥਿਆ ਕਾਰ (ਭੁੱਲ ਹੋ ਜਾਣ ਤੇ ਗਲਤ ਨੂੰ ਗਲਤ ਆਖਣ, ਤਥਾਕਲ (ਅਚਾਰਿਆ ਦੇ ਬਚਨ 'ਤੇ ਤਹਿਤ ਸਤਿ ਬਚਨ ਆਖਣਾ ਆਦਿ) 10 ਪ੍ਰਕਾਰ ਦੀ ਸਮੱਗਰੀ ਦਾ ਪਾਲਣ, ਚੇਤਨ ਬੰਧਨ, ਚੰਗੇ ਸਾਧੂਆਂ ਦਾ ਸਨਮਾਨ, ਦਾਨ - ਕੀ ਇਸ ਦੇ ਆਚਜਰਣ ਵਿੱਚ ਵੀ ਕਿਸੇ ਪ੍ਰਕਾਰ ਦੇ ਬਲ (ਤਾਕਤ) ਜਾਂ ਬੁੱਧੀ ਦਾ ਘਾਟਾ ਹੁੰਦਾ ਹੈ।

23

ਅਨੁਯੋਗਦੁਆਰ ਸੂਤਰ ਵਿੱਚ ਜਿਨੇਸ਼ਵਰ ਪਭਗਵਾਨ ਨੇ ਲੋਕਾਤਰ ਆਵਸ਼ਕ ਦੀ ਗੱਲ ਆਖੀ ਹੈ। ਆਗਿਆ ਪੂਰਵਕ ਉਸ ਦਾ ਆਚਰਨ ਕਰਨ ਤੋਂ ਤਰਨਹਾਰ ਜੀਵਾਂ ਨੂੰ ਮੋਕਸ਼ ਦਾ ਫਲ ਪ੍ਰਾਪਤ ਹੁੰਦਾ ਹੈ।

24

ਸ਼੍ਰਮਣ ਸੰਘ ਦੇ ਰਾਹੀਜ ਆਵਸ਼ਕ ਸਮੇਜ ਦੀ ਆਗਿਆ ਦੇ ਅਨੁਸਾਰ ਆਚਰਨ ਕੀਤਾ ਜਾਂਦਾ ਹੈ, ਉਹ ਲੋਕੋਤਰ ਪਰੰਪਰਾ ਵੀਤਰਾਗ ਪ੍ਰਮਾਤਮਾ ਦੇ ਰਾਹੀਂ ਸਥਾਪਿਤ ਹੈ।

25

ਕੋਈ ਵੀ ਧਾਰਮਿਕ ਕ੍ਰਿਆ ਜਿਨੇਂਦਰ ਭਗਵਾਨ ਦੇ ਹੁਕਮ ਅਨੁਸਾਰ ਕੀਤਾ ਜਾਂਦਾ ਹੈ ਤਾਂ ਉਹ ਬਹੁਤ ਫ਼ਲਦਾਇਕ ਹੁੰਦਾ ਹੈ। ਜਿਵੇਂ ਬਰੋਟੇ ਦਾ ਬੀਜ ਵਧਦਾ-ਵਧਦਾ ਬਹੁਤ ਫੈਲਾਓ ਨੂੰ ਪ੍ਰਾਪਤ ਕਰ ਲੈਂਦਾ ਹੈ।

26

ਕਿਸੇ ਰਾਜਾ ਨੇ ਆਪਦੀ ਪਤਲੀ ਦੇ ਆਖੇ ਕਿਸੇ ਗ਼ਰੀਬ ਨੂੰ ਅਮੀਰ ਬਣਾ ਦਿੱਤਾ। ਉਹ ਗ਼ਰੀਬ ਰਾਜਾ ਦੇ ਪ੍ਰਤੀ ਬਹੁਤ ਭਗਤੀ ਕਰਨ ਲੱਗਾ। ਉਸ ਦੀ ਭਗਤੀ ਦੇਖ ਕੇ ਰਾਜਾ ਨੇ ਉਸ ਨੂੰ ਪ੍ਰਧਾਨ ਮੰਤਰੀ (ਪੁਰਸ਼) ਬਣਾ ਦਿੱਤਾ।

27

ਉਸ ਨੂੰ ਸਭ ਜ਼ਿੰਮੇਵਾਰੀਆਂ ਸੰਭਾਲ ਕੇ ਰਾਜਾ ਹੋਰ ਦੇਸ਼ਾਂ ਨੂੰ ਜਿੱਤਣ ਦੇ ਲਈ ਚਲਾ ਗਿਆ। ਉਹ ਮਹਿਲਾਂ ਵਿੱਚ ਰਾਗ ਵੱਸ ਹੋ ਕੇ ਸਮਾਂ ਗੁਜ਼ਾਰਨ ਲੱਗਾ। ਉਸ ਨੂੰ ਰਾਜਾ ਦੀ ਆਗਿਆ ਤੋੜਨ ਦਾ ਫਲ ਨਹੀਂ ਸੀ ਪਤਾ।

28

ਉਹ ਰਾਜ਼ੀ-ਖ਼ੁਸ਼ੀ ਘਰ ਆਇਆ ਤੇ ਉਸ ਦੇ ਚਰਿੱਤਰ ਦੇ ਬਾਰੇ ਪਤਾ ਕੀਤਾ। ਰਾਜਾ ਨੇ ਉਸ ਦੇ ਮਾੜੇ ਚਾਲ ਚਲਣ ਕਰਕੇ ਉਸ ਦੇ ਸਰੀਰ ਦੇ ਟੁਕੜੇ ਟੁਕੜੇ ਕਰਵਾ ਦਿੱਤੇ।

29

ਰਾਜਾ ਦੀ ਤਰ੍ਹਾਂ ਜਿਨੇਸ਼ਵਰ ਭਗਵਾਨ ਹਨ। ਗ਼ਰੀਬ ਦੇ ਸਮਾਨ ਅਚਾਰਿਆ ਹੈ। ਸ਼ੁੱਧ ਮਹਿਲ ਦੀ ਤਰ੍ਹਾਂ ਜਿਨੇਸ਼ਵਰ ਦੀ ਆਗਿਆ ਹੈ। ਉਸ ਹੁਕਮ ਦੀ ਉਲੰਘਣਾ ਕਰਨ ਵਾਲਾ ਅੰਤ ਨੂੰ ਛੇਦਨ-ਭੇਦਨ ਨੂੰ ਪ੍ਰਾਪਤ ਕਰਦਾ ਹੈ।

30

ਜਿਵੇਂ ਸੂਰਜ ਦੀ ਛੋਟੀ ਜਿਹੀ ਕਿਰਨ ਵੀ ਦਸਾਂ ਦਿਸ਼ਾਵਾਂ ਦੇ ਹਨ੍ਹੇਰੇ ਦਾ ਨਾਸ ਕਰ ਦਿੰਦੀ ਹੈ, ਉਸੇ ਤਰ੍ਹਾਂ ਜੇ ਕੋਈ ਮਲੁੱਖ ਥੋੜ੍ਹੀ ਜਿਹੀ ਭਗਤੀ ਵੀ ਹੁਕਮ ਮਨ ਕੇ ਕਰੇ ਤਾਂ ਉਹ ਭਗਤੀ ਉਸ ਦੇ ਪਾਪ ਦਾ ਨਾਸ਼ ਕਰਦੀ ਹੈ।

31-32

ਜਿਵੇਂ ਮਨੁੱਖ ਦੇ ਚਿੱਤ ਵਿੱਚ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਅਰਹਤ ਤੋਂ ਬਿਨਾਂ ਹੋਰ ਕੋਈ ਦੂਸਰਾ ਦੇਵ ਨਹੀਂ ਹੈ, ਉਨ੍ਹਾਂ ਦੇ ਬਚਨਾਂ ਵਿੱਚ ਜੁੜਨ ਵਾਲੇ ਅਤੇ ਚਰਨ ਤੇ ਕਰਨ ਦੇ ਪਾਲਨ ਕਰਤਾ ਸੱਚੇ ਸਾਧੂ ਮੇਰੇ ਗੁਰੂ ਹਨ। ਸ਼ੁੱਧ ਸਿਧਾਂਤ ਦਾ ਕਥਨ ਕਰਨ ਵਾਲੇ ਗੁਰੂ ਦਾ ਉਪਦੇਸ਼ ਧਰਮ ਹੈ। ਇਹੀ ਪ੍ਰਵਚਨ ਤੱਥ ਵਾਲਾ ਹੈ। ਇਸ ਆਸਥਾ ਨੂੰ ਜਗਤਗੁਰੂ ਤੀਰਥੰਕਰ ਨੇ ਸਮਿਅਕਤ ਕਿਹਾ ਹੈ।

33

ਜੋ ਅਰਹਤ ਦੇਵ ਪੂਜਨ ਯੋਗ ਹੈ, ਉਨ੍ਹਾਂ ਦੇ ਬਚਨਾਂ ਦੀ ਜੋ ਲੋਕ ਉਲੰਘਣਾ ਕਰਦੇ ਹਨ, ਉਹ ਅਗਿਆਨੀ ਮਾੜੀ ਨਜ਼ਰ ਵਾਲੇ, ਰਾਗ ਦੇ ਕਾਰਨ ਬੋਧੀ-ਲਾਭ ਨੂੰ ਹਾਰ ਜਾਂਦੇ ਹਨ।

34

ਉਸ ਦੇ ਲਈ ਪੂਜਾ-ਭਗਤੀ, ਪ੍ਰਤਿਖਿਆਨ, ਪੋਸ਼ਧ, ਉਪਵਾਸ, ਦਾਨ, ਸ਼ੀਲ ਆਦਿ ਸਭ ਕਿਰਿਆਵਾਂ ਧਤੂਰੇ ਦੇ ਫੁੱਲ ਦੀ ਤਰ੍ਹਾਂ ਬੇਕਾਰ ਹਨ।

35

ਜਿਹੜੇ ਮਨੁੱਖਾਂ ਕੋਲ ਜਿਨ-ਆਗਿਆ ਵਾਲੀ ਬੁੱਧੀ, ਵਿੱਦਿਆ, ਵਿਗਿਆਨ, ਚਤੁਰਾਈ ਅਤੇ ਖੋਜ ਨਹੀਂ ਹੁੰਦੀ, ਉਹ ਲੋਕ ਗਾਵਾਂ, ਮਿਰਗ, ਦਰਖ਼ਤ, ਪੱਥਰ, ਗਧਾ, ਘਾਹ ਅਤੇ ਕੁੱਤੇ ਦੀ ਤਰ੍ਹਾਂ ਹੁੰਦੇ ਹਨ।

36

(ਕਵੀ ਦੀ ਇਸ ਉਪਮਾ ਨੂੰ ਸੁਣ ਕੇ ਗਾਂ ਇਸ ਦੇ ਵਿਰੁੱਧ ਆਖਦੀ ਹੈ) ਮੈਂ ਸੁੱਕੇ ਘਾਹ ਖਾ ਕੇ ਅੰਮ੍ਰਿਤ ਸਮਾਨ ਦੁੱਧ ਦਿੰਦੀ ਹਾਂ। ਮੇਰਾ ਗੋਹਾ ਜ਼ਮੀਨ ਨੂੰ ਸ਼ੁੱਧ ਕਰਨ, ਲਿਪਾਈ ਅਤੇ ਖਾਣਾ ਪਕਾਉਣ ਵਿੱਚ ਸਹਿਯੋਗੀ ਹੈ।

37

ਮੇਰਾ ਪਿਸ਼ਾਬ ਪਾਪ ਨੂੰ ਦੂਰ ਕਰਨ ਵਾਲਾ (ਹਿੰਦੂ ਮਾਨਤਾ) ਬਾਲਕ ਨੂੰ ਨਜ਼ਰ ਰੋਗ ਦੂਰ ਕਰਨ ਵਾਲਾ ਹੈ। ਮੇਰੇ ਰਾਹੀਂ ਦਿੱਤੇ ਦੁੱਧ ਆਦਿ ਤੋਂ ਪੈਦਾ ਦਰੱਵ ਪਿੱਤ ਵਿਕਾਰ ਨੂੰ ਦੂਰ ਕਰਨ ਵਾਲੇ ਹਾਜ਼ਮਾ ਠੀਕ ਕਰਨ ਵਾਲੇ ਅਤੇ ਤਾਕਤ ਦੇਣ ਵਾਲੇ ਹੁੰਦੇ ਹਨ।

38

ਮੇਰੇ ਮਰਨ 'ਤੇ ਸ਼ਿਕਾਰੀ ਆਦਿ ਲੋਕ ਮਾਂਸ ਤੋਂ ਭੁੱਖ ਦੂਰ ਕਰਦੇ ਹਨ। ਮੇਰੇ ਚਮੜੇ ਤੋਂ ਤਿਆਰ ਚੱਪਲ, ਜੁੱਤੇ, ਆਦਿ ਤੋਂ

ਪੈਰਾਂ ਦੀ ਰੱਖਿਆ ਹੁੰਦੀ ਹੈ ਤੇ ਚਮੜੇ ਤੋਂ ਪਾਣੀ ਸੰਭਾਲਣ ਵਾਲੀਆਂ ਮਸ਼ਕਾਂ ਆਦਿ ਬਣਦੀਆਂ ਹਨ।

39

ਮੇਰੀ ਪੂੰਛ ਵਿੱਚ ਦੇਵਤਾ ਨਿਵਾਸ ਕਰਦੇ ਹਨ। ਗਾਂ ਤੋਂ ਬ੍ਰਾਹਮਣ ਦੀ ਥਾਂ ਸ਼ੋਭਾ ਪਾਉਂਦੀ ਹੈ। ਅਜਿਹੇ ਗੁਣਾਂ ਵਾਲੀ ਗਾਂ ਨੂੰ ਆਗਿਆ ਰਹਿਤ ਪੁਰਸ਼ ਦੀ ਉਪਮਾ ਕਰਦੇ ਹੋਏ ਹੇ ਕਵੀ ! ਬੇਸ਼ਰਮੀ ਦਾ ਅਨੁਭਵ ਕਿਉਂ ਨਹੀਂ ਕਰਦੇ ?

40

ਮਿਰਗ ਵਿਰੋਧ ਕਰਦਾ ਆਖਦਾ ਹੈ ਕਿ ਅਸੀਂ ਗੀਤ ਦੇ ਗੁਣਾਂ ਨੂੰ ਜਾਦੇ ਹਾਂ। ਅਸੀਂ ਕੰਨਾਂ ਦੇ ਰਸੀਆ ਬਣ ਕੇ ਮਰਨ ਨੂੰ ਪ੍ਰਾਪਤ ਹੋ ਜਾਂਦੇ ਹਾਂ। ਸਾਡੇ ਸਿੰਗਾਂ ਤੋਂ ਬਣੇ ਸਾਜ਼ ਨੂੰ ਵਜਾ ਕੇ ਲੋਕ ਭਿੱਖਿਆ ਪ੍ਰਾਪਤ ਕਰਦੇ ਹਨ।

41

ਮੇਰੀ ਚਮੜੀ ਤੋਂ ਅੱਗ ਤੇ ਆਸਨ ਦਾ ਨਿਰਮਾਣ ਹੁੰਦਾ ਹੈ। ਪੁਸਤਕ ਅਤੇ ਬਾਣ ਨੂੰ ਤਕਸ਼ ਰੱਖਣ ਦੇ ਲਈ ਮੇਰਾ ਚਮੜਾ ਵਰਤੋਂ ਵਿੱਚ ਆਉਂਦਾ ਹੈ। ਮੇਰੇ ਨਾਮ ’ਤੇ ਚੰਦਰਮਾ ਦਾ ਨਾਮ ਮਿਰਗੰਕ ਅਤੇ ਔਰਤਾਂ ਦੀਆਂ ਅੱਖਾਂ ਨੂੰ ਮਿਰਗਾਕਸ਼ੀ (ਮਿਰਗ ਵਰਗੀਆਂ ਅੱਖਾਂ) ਦੀ ਉਪਮਾ ਦਿੱਤੀ ਜਾਂਦੀ ਹੈ।

42

ਵਿਦਵਾਨ ਪੰਡਿਤ ਪਹਿਲੇ ਪਹਿਰ ਤੋਂ ਸੱਜੇ ਅਤੇ ਮੇਰੇ ਦਰਸ਼ਨ ਨੂੰ ਸ਼ਗਨ ਮੰਨਦੇ ਨ। ਅਜਿਹੇ ਗੁਣਾਂ ਵਾਲੇ ਮੈਨੂੰ ਮਿਰਗ ਤੇ ਆਗਿਆ ਰਹਿਤ ਪੁਰਸ਼ ਦੀ ਉਪਮਾ ਦਿੰਦੇ ਹੋਏ ਹੇ ਕਵੀ ਕੁਸ਼ਲ ! ਤੁਸੀਂ ਰਿਮ ਮਹਿਸੂਸ ਕਿਉਂ ਨਹੀਂ ਕਰਦੇ ?

43

(ਹੁਣ ਦਰੱਖ਼ਤ ਆਖਦਾ ਹੈ) ਮੈਂ ਤਪਦੇ ਸੂਰਜ ਦੀਆਂ ਕਿਰਨਾਂ ਦੀ ਗਰਮੀ ਤੋਂ ਗਰਮ ਥੱਕੇ ਹਾਰੇ ਰਾਹੀਆਂ ਦੀ ਥਕਾਵਟ ਦੂਰ ਕਰਦਾ ਹਾਂ।

44

ਮੈਂ ਸੁੰਦਰ ਫ਼ਲ ਦਿੰਦਾ ਹਾਂ। ਮੇਰੀ ਲੜਕੀ ਘਰ, ਵਿਮਾਨ ਅਤੇ ਕਿਸ਼ਤੀ ਆਦਿ ਬਣਾਉਣ ਵਿੱਚ ਕੰਮ ਆਉਂਦੀ ਹੈ। ਅਤੇ ਇਸ ਤੋਂ ਹੀ ਬੀਣਾ, ਮਰਦੰਗ, ਬਾਂਸੁਰੀ, ਨਗਾਰਾ, ਢੋਲ ਅਤੇ ਦਰਵਾਜਾ ਆਦਿ ਬਣਦੇ ਹਨ।

45

ਮੇਰੀ ਲੜਕੀ ਤੋਂ ਸਾਧੂਆਂ ਦੇ ਹਮੇਸ਼ਾ ਵਰਣ ਯੋਗ ਰਜੋਹਰਨ, ਹੱਥ ਦਾ ਡੰਡਾ, ਪਾਤਰ ਆਦਿ ਵਸਤਾਂ ਦਾ ਨਿਰਮਾਣ ਹੁੰਦਾ ਹੈ। ਕਲਪ ਬ੍ਰਿਖ ਵੀ ਦਰੱਖਤ ਹੀ ਹੈ। ਸਾਰੀ ਬਨਸਪਤੀਆਂ ਵੀ ਦਰੱਖਤ ਅਖਵਾਉਂਦੀਆਂ ਹਨ।

46

ਕੱਪੜਾ, ਬੈਠਣ ਦਾ ਆਸਣ, ਕੇਸਰ, ਚੰਦਨ, ਚੇਤਯ ਆਦਿ ਦੇ ਕੰਮਾਂ ਵਿੱਚ ਮੇਰੀ ਵਰਤੋਂ ਹੁੰਦੀ ਹੈ। ਰੋਗ ਦੂਰ ਕਰਨ ਵਿੱਚ ਕੁਝ ਪ੍ਰਮੁੱਖ ਦਵਾਈਆਂ ਦਾ ਇਸਤੇਮਾਲ ਹੁੰਦਾ ਹੈ। ਮੈਂ ਆਪਣਾ ਵਰਨਣ ਹੋਰ ਜ਼ਿਆਦਾ ਕੀ ਕਰਾਂ ?

47

(ਪੱਥਰ ਵੀ ਮੁਕਾਬਲਾ ਕਰਦਾ ਹੋਇਆ ਕਹਿੰਦਾ ਹੈ) ਮੇਰੇ ਤੋਂ ਜਿਨੇਸ਼ਵਰ ਭਗਵਾਨ ਦੀ ਮੂਰਤ ਬਣਦੀ ਹੈ। ਘਰ, ਹੱਟ,

ਵਿਮਾਨ, ਧਾਮ, ਦੁਰਗ (ਕਿਲਾ ਆਦਿ) ਮੇਰੇ ਤੋਂ ਬਣਦੇ ਹਨ। ਪਾਰਸ ਪੱਥਰ ਨੂੰ ਛੋਹ ਨਾਲ ਲੋਹਾ ਵੀ ਸੋਨਾ ਬਣ ਜਾਂਦਾ ਹੈ।

48

ਚਿੰਤਾਮਨੀ ਰਤਨ ਮਨੋਇੱਛਾ ਕੰਮ ਨੂੰ ਪੂਰਾ ਕਰਦਾ ਹੈ। ਕੀ ਇਹ ਪੱਥਰ ਨਹੀਂ ? ਇਨ੍ਹਾਂ ਰਤਨਾਂ ਵਿੱਚ ਸਥਾਪਿਤ ਇਸ ਦਾ ਕੁਤਰਿਪਨ (ਤਿੰਨ ਲੋਕਾਂ ਦੀ ਇਛਾਵਾਂ ਪੂਰੀਆਂ ਕਰਨ ਵਾਲਾ) ਚਿੰਤਾਮਣੀ ਰਤਨ ਦੀ ਤਰ੍ਹਾਂ ਮਨ ਇੱਛਾ ਪੂਰੀਆਂ ਕਰਨ ਵਾਲਾ ਹੁੰਦਾ ਹੈ।

49

ਦੇਵਤੇ ਵਾਲਾ ਹੋਣ ਤੇ ਖੁਸ਼ ਹੋ ਕੇ ਇਹ ਲੋਕਾਂ ਦੀ ਗ਼ਰੀਬੀ ਦੂਰ ਕਰਦਾ ਹੈ ਐਤ ਗੁੱਸੇ ਹੋ ਕੇ ਮੈਂ ਲੋਕਾਂ ਦੀ ਜਾਨ ਲੈਂਦਾ ਹਾਂ। ਅਜਿਹੇ ਗੁਣ ਵਾਲੇ ਮੈਂ ਪੱਥਰ ਤੋਂ ਆਗਿਆ ਭ੍ਰਿਸ਼ਟ ਪੁਰਸ਼ ਨੂੰ ਬੇਇੱਜ਼ਤ ਕਰਦੇ ਹੋਏ ਹੇ ਕਵਿ ਕੁਸ਼ਲ ! ਕੀ ਤੁਹਾਨੂੰ ਸ਼ਰਮ ਮਹਿਸੂਸ ਨਹੀਂ ਹੁੰਦੀ ?

50

(ਗਧਾ ਆਖਦਾ ਹੈ) ਮੈਂ ਭਾਰ ਨੂੰ ਸਹਿਣ ਕਰਦਾ ਹਾਂ, ਹਮੇਸ਼ਾ ਸਰਦੀ ਤੇ ਗਰਮੀ ਸਹਿਣ ਕਰਦਾ ਹਾਂ। ਸਦਾ ਸੰਤੁਸ਼ਟ ਰਹਿੰਦਾ ਹਾਂ। ਮੇਰੇ ਉੱਪਰ ਬੈਠਣ ਵਾਲੇ ਨੂੰ ਮੈਂ ਸ਼ਰਮਿੰਦਾ ਕਰਦਾ ਹਾਂ।

51

ਚੰਗੇ ਕੁਲ ਦੇ ਰਾਜਾ ਮੇਰੇ ਬਚਨ ਨੂੰ ਸੁਣ ਕੇ ਹੱਦ ਪਾਰ ਨਹੀਂ ਕਰਦੇ। ਮੇਂ ਮਾਰਨ ਵਾਲੇ ਨੂੰ ਜਾਣਦਾ ਹਾਂ। ਮੇਰੇ ਆਉਣ–

ਜਾਣ ਦੇ ਆਧਾਰ 'ਤੇ ਸ਼ੁਭ ਅਤੇ ਅਸ਼ੁਭ ਸ਼ਗੁਨ ਨੂੰ ਜਾਣਿਆ ਜਾਂਦਾ ਹੈ।

52

ਸ਼ਾਸਤਰਾਂ ਦੇ ਜਾਣਕਾਰ ਅਜਿਹਾ ਆਖਦੇ ਹਨ ਕਿ ਮੈਥੁਨ ਸੰਗਿਆ ਵਿੱਚ ਭੋਗ ਵੇਖਣ ਵਾਲਿਆਂ ਦੀ ਮੈਂ ਮਨੋਂ ਕਾਮਨਾ ਪੂਰੀਆਂ ਕਰਦਾ ਹਾਂ।

53

(ਘਾਹ ਆਖਦਾ ਹੈ), ਦਰਿੱਦਰ ਤੇ ਢਿੰਕ ਆਦਿ ਘਾਹ ਨਾਲ ਘਰ ਦੀ ਛੱਤ ਢਕਦੇ ਹਨ। ਦਾਰਿੱਦਰ ਘਾਹ ਵੇਚ ਕੇ ਗੁਜ਼ਾਰਾ ਕਰਦੇ ਹਨ। ਮੇਰਾ ਭੋਜਨ ਕਰਨ ਵਾਲੇ ਪਸ਼ੂਆਂ ਨੂੰ ਮੈਂ ਸਿਹਤ ਤੇ ਦੁੱਧ ਦਿੰਦਾ ਹਾਂ।

54

ਮੈਨੂੰ ਮੂੰਹ ਵਿੱਖ ਰੱਖਣ ਵਾਲੇ ਯੁੱਧ ਵਿੱਚ ਰੋਸ ਰੱਖਣ ਵਾਲਾ ਆਦਮੀ ਵੀ ਉਸ ਦਾ ਕਤਲ ਨਹੀਂ ਕਰਦਾ। ਨਿਰਗਰੰਥ (ਜੈਨ) ਸਾਧੂ ਵਿਛੌਣੇ ਦੇ ਲਈ ਅਤੇ ਦੰਦਾਂ ਦੀ ਸਫ਼ਾਈ ਲਈ ਘਾਹ ਦੀ ਮੰਗ ਕਰਦੇ ਹਨ।

55

ਦੁੱਭ ਨੂੰ ਘਾਹ ਨਾਲ ਬ੍ਰਾਹਮਣ ਵੇਦ ਪਾ ਦੇ ਰਾਹੀਂ ਵਸਤੂ ਨੂੰ ਪਵਿੱਤਰ ਕਰਦੇ ਹਨ। ਗੁਣਾਂ ਵਾਲੇ ਮੈਨੂੰ ਘਾਹ ਨੂੰ ਆਗਿਆ ਭ੍ਰਿਸ਼ਟ ਮਨੁੱਖ ਨੂੰ ਉਪਮਿਤ ਕਰਦੇ ਹੋਏ ਕਵ ਕੁਸ਼ਲ ਨੂੰ ਤੁਸੀਂ ਸ਼ਰਮ ਮਹਿਸੂਸ ਕਿਉਂ ਨਹੀਂ ਕਰਦੇ ?

56

(ਹੁਣ ਕੁੱਤਾ ਆਪਣੀ ਗੱਲ ਆਖਦਾ ਹੈ) ਮੈਂ ਸ਼ਕਤੀ ਦੇ ਰਾਹੀਂ ਅਨੇਕਾਂ ਤੋਂ ਭੋਜਨ ਪ੍ਰਾਪਤ ਕਰਦਾ ਹਾਂ। ਜਿੰਨੀ ਭੁੱਖ ਹੈ ਉਸ ਤੋਂ ਅੱਧਾ ਖਾ ਕੇ ਵੀ ਸੰਤੋਸ਼ ਕਰਦਾ ਹਾਂ। ਮੈਂ ਸੁੱਖ ਨਾਲ ਲੰਬੀ ਨੀਂਦ ਤੋਂ ਜਾਗ ਜਾਂਦਾ ਹਾਂ। ਉੱਦਮ (ਪ੍ਰਾਕਰਮ) ਦੇ ਗੁਣ ਵਾਲਾ ਹਾਂ। ਇਸ ਲਈ ਹੇ ਅਚਾਰਿਆ ਆਗਿਆ ਤੋਂ ਭ੍ਰਿਸ਼ਟ ਮਨੁੱਖ ਨਾਲ ਮੇਰੀ ਤੁਲਨਾ ਨਹੀਂ ਕੀਤੀ ਜਾ ਸਕਦੀ।

57

ਮੈਂ ਸਵਾਮੀ ਭਗਤ ਹਾਂ ਅਤੇ ਸ਼ੁਕਰਾਨਾ ਕਰਨ ਵਾਲਾ ਹਾਂ। ਘਰ ਦੀ ਰੱਖਿਆ ਕਰਦਾ ਹਾਂ ਐਤ ਭੋਗ ਵਿੱਚ ਲੱਗਾ ਰਹਿੰਦਾ ਹਾਂ। ਆਗਿਆ ਭ੍ਰਿਸ਼ਟ ਲੋਕਾਂ ਦੇ ਨਾਲ ਮੇਰੀ ਤੁਲਨਾ ਕਰਦੇ ਹੋਏ ਹੇ ਵਿਦਵਾਨ ! ਤੁਸੀਂ ਸ਼ਰਮ ਦਾ ਅਨੁਭਵ ਕਿਉਂ ਨਹੀਂ ਕਰਦੇ ?

58

ਸਭ ਦੇ ਰਾਹੀਂ ਆਪਣੇ ਆਪਣੇ ਗੁਣਾਂ ਦਾ ਮਹਾਤਮ ਆਖਣ 'ਤੇ ਕਵੀ ਰਾਜ ਸ਼ਰਮ ਮਹਿਸੂਸ ਕਰਨ ਲੱਗਾ। (ਤਾਂ ਕਵੀ ਉਪਮਾ ਦਿੰਦੇ ਹੋਏ ਆਖਦੇ ਹਨ) ਆਗਮ ਅਨੁਸਾਰ ਅਚਾਰ ਤੋਂ ਭ੍ਰਿਸ਼ਟ ਮਨੁੱਖ ਨੂੰ ਸਮੁੰਦਰ ਦੀ ਲਹਿਰਾਂ ਦੀ ਤਰ੍ਹਾਂ ਬੇਅਰਥ ਸਮਝਣਾ ਚਾਹੀਦਾ ਹੈ।

59

ਆਗਮ ਅਨੁਸਾਰ ਆਚਾਰ ਭ੍ਰਿਸ਼ਟ ਮਨੁੱਖ ਬਾਂਝ-ਪੁੱਤਰ ਜ਼ਮੀਨ 'ਤੇ ਉੱਗੇ ਕੁਕਰਮੁੱਤੇ, ਆਕਾਸ਼ ਨੂੰ ਮੁੱਠੀ ਵਿੱਚ ਬੰਨ੍ਹਣ ਵਾਲੇ ਅਤੇ ਅੰਨ੍ਹੇ ਮਨੁੱਖ ਦੇ ਸਾਹਮਣੇ ਸਰੇਸ਼ਟ ਨੌਜਵਾਨ ਔਰਤ ਦੇ ਹਾਵ-ਭਾਵ ਪ੍ਰਦਰਸ਼ਨ ਦੇ ਸਮਾਨ ਬੇਅਰਥ ਹੁੰਦੇ ਹਨ।

60

ਜਿਵੇਂ ਬੋਲੇ ਦੇ ਸਾਹਮਣੇ ਚੁਗਲੀ ਅਤੇ ਬੀਣਾ ਬਜਾਉਣਾ ਬੇਅਰਥ ਹੁੰਦਾ ਹੈ। ਉਸੇ ਤਰ੍ਹਾਂ ਆਗਿਆ ਭ੍ਰਿਸ਼ਟ ਮਨੁੱਖ ਦਾ ਆਚਰਣ ਨਟ (ਨੱਚਣ ਵਾਲਾ) ਦੀ ਤਰ੍ਹਾਂ ਝਗੜੇ ਵਾਲਾ ਹੁੰਦਾ ਹੈ।

61

ਆਗਿਆ ਭ੍ਰਿਸ਼ਟ ਸਾਧੂ ਦਾ ਚਰਿੱਤਰ ਵੇਸ਼ਿਆਂ ਤੇ ਦਾਸੀ ਦੇ ਪ੍ਰੇਮ ਦੀ ਤਰ੍ਹਾਂ ਅਸਥਿਰ ਹੁੰਦਾ ਹੈ। ਉਹ ਕਿੰਪਾਕ ਫਲ ਦੀ ਤਰ੍ਹਾਂ ਅਸਾਰ ਤੇ ਤਪਦੇ ਲੋਹੇ ਦੇ ਉੱਪਰ ਸਵਾਤੀ ਨੱਛਰ ਦੇ ਪਾਣੀ ਡਿੱਗਣ ਦੀ ਤਰ੍ਹਾਂ ਨਿਹਫ਼ਲ ਹੁੰਦਾ ਹੈ।

62

ਵਿਨੈ ਰਹਿਤ ਰੂਪ ਗਜ ਮੁਕਤ ਕਪਿਯ ਫਲ, ਸੂਰਜ ਦੀ ਰੋਸ਼ਨੀ ਮ੍ਰਿਗ ਤ੍ਰਿਸ਼ਨਾ, ਸ਼ਾਮ ਵੇਲੇ ਦੇ ਰਾਗ ਤੇ ਅਸਮਾਨੀ ਬਿਜਲੀ ਦੀ ਚਮਕ ਦੀ ਤਰ੍ਹਾਂ ਨਾਸ਼ਵਾਨ ਹੁੰਦਾ ਹੈ।

63

ਆਗਿਆ ਰਹਿਤ ਧਰਮ, ਅੱਖਾਂ ਤੋਂ ਬਿਨਾਂ ਸੁੰਦਰ ਮੂੰਹ, ਨਮਕ ਤੋਂ ਬਿਨਾਂ ਰਸ, ਨੀਤੀ ਤੋਂ ਬਿਨਾਂ ਰਾਜ ਤੇ ਪ੍ਰੇਮ ਰਹਿਤ ਗ੍ਰਹਿਸਥ ਜੀਵਨ ਦੀ ਤਰ੍ਹਾਂ ਹੁੰਦਾ ਹੈ।

64

ਜਿਵੇਂ ਲਛਮੀ ਤੋਂ ਬਿਨਾਂ ਸੁੱਖ, ਸਰੋਤੇ ਤੋਂ ਬਿਨਾਂ ਉਪਦੇਸ਼, ਪੁੱਤਰ ਤੋਂ ਬਿਨਾਂ ਕੁਲ ਨਹੀਂ ਚਲਦਾ, ਉਸੇ ਤਰ੍ਹਾਂ ਆਗਿਆ ਰਹਿਤ ਤੋਂ ਧਰਮ ਨਹੀਂ ਹੁੰਦਾ।

65

ਸਿਫ਼ਰ ਤੋਂ ਇੱਕ ਅੰਕ ਦਸ ਗੁਣਾ ਹੋ ਕੇ ਮਹੱਤਵ ਨੂੰ ਕਰ ਲੈਂਦਾ ਹੈ। ਇਸ ਤੋਂ ਬਿਨਾਂ ਸਿਫ਼ਰ ਕੀ ਸੌ ਹਜ਼ਾਰ ਆਦਿ ਸੰਖਿਆ ਨੂੰ ਪ੍ਰਾਪਤ ਕਰ ਸਕਦਾ ਹੈ ? ਨਹੀਂ।

66

ਜਿਨੇਂਦਰ ਭਗਵਾਨ ਦੀ ਆਗਿਆ ਇੱਕ ਅੰਕ ਦੀ ਤਰ੍ਹਾਂ ਹੈ। ਆਗਿਆ ਰਹਿਤ ਜੀਵਨ ਕੇਵਲ ਸਿਫ਼ਰ ਦੀ ਤਰ੍ਹਾਂ ਹੈ। ਆਗਿਆ ਤੋਂ ਬਿਨਾਂ ਦਰੱਵ, ਦਾਨ, ਨੀਂਦ, ਤੇ ਗਿਆਨ ਇੱਕ ਪੈਸੇ ਦਾ ਮੁੱਲ ਨਹੀਂ ਪਾਉਂਦੇ।

67

ਆਗਿਆ ਤੋਂ ਰਹਿਤ ਕੋਈ ਪੁਰਸ਼ ਜੋ ਤਿੰਨ ਕਾਲ ਵਿੱਚ ਪੂਜਾ ਭਗਤੀ ਆਦਿ ਕ੍ਰਿਆਵਾਂ ਕਰਦਾ ਹੈ, ਉਸ ਦੀ ਕ੍ਰਿਆ ਆਗਿਆ ਤੋਂ ਬਾਹਰ ਹੋਣ ਕਾਰਨ ਅਸ਼ੁੱਧ ਹੁੰਦੀ ਹੈ।

68-69

ਜਿਵੇਂ ਨਾਰਿਕੇਰਦੀ ਦਾ ਨਿਵਾਸੀ (ਨਾਰੀਅਲ ਦੇ ਫਲ 'ਤੇ ਜਿਉਣ ਵਾਲਾ) ਅੰਨ ਦੇ ਪ੍ਰਤੀ ਰਾਗ-ਦਵੇਸ਼ ਨਹੀਂ ਕਰਦਾ, ਜਿਵੇਂ ਡਮਰੁਕ ਮਨੀ ਦੋਹੇ ਪਾਸੇ ਨੂੰ ਵੱਜਦੀ ਹੈ, ਜਿਵੇਂ ਘੰਟਾ ਜਾਲ ਅਤੇ ਕੱਟਦੀ ਹੋਈ ਦੋਵੇਂ ਪਾਸੇ ਨੂੰ ਚੱਲਦੀ ਹੈ, ਤੇ ਜਿਵੇਂ ਕੁੱਤੇ ਦੇ ਚਮੜੇ ਵਿੱਚ ਚਿਮੜੇ ਮਨੁੱਖ ਕੇਸਰ ਦਾ ਸੁਆਦ ਨਹੀਂ ਪਾ ਸਕਦੇ। ਉਸੇ ਪ੍ਰਕਾਰ ਮਿਥਿਆ ਦ੍ਰਿਸ਼ਟੀ ਮਨੁੱਖ ਦੋਹੇ ਸਮੇਂ ਵਿੱਚ ਸਵਾਧਿਆਇ ਕਰਦੇ ਹੋਏ ਵੀ ਧਰਮ ਦਾ ਰਸ ਆਨੰਦ ਨਹੀਂ ਲੈ ਸਕਦਾ।

70

ਜਿਨੇਸ਼ਵਰ ਭਗਵਾਨ ਨੇ ਚੇਲਿਆਂ ਦੇ ਲਈ ਦਰਸ਼ਨ ਮੁਲਕ (ਤੱਤਵਾਂ ਪ੍ਰਤੀ ਸ਼ਰਧਾ) ਧਰਮ ਦਾ ਉਪਦੇਸ਼ ਦਿੱਤਾ ਹੈ। ਉਸੇ ਸਾਵਧਾਨੀ ਨਾਲ ਸੁਣ ਕੇ ਦਰਸ਼ਨ ਹੀਣ ਨੂੰ ਬੰਦਨਾ ਨਹੀਂ ਕਰਨੀ ਚਾਹੀਦੀ।

71

ਬਹੁਤ ਸ਼ਾਸਤਰਾਂ ਦਾ ਜਾਨਣ ਵਾਲੇ ਵੀ ਜੇ ਸਮਿਅਕਤਵ ਰਤਨ ਤੋਂ ਭ੍ਰਿਸ਼ਟ ਹਨ ਤਾਂ ਉਹ ਸ਼ੁੱਧ ਅਰਾਧਨਾ ਤੋਂ ਰਹਿਤ ਹੋ ਕੇ ਇੱਧਰ-ਉੱਧਰ ਭਟਕਦੇ ਰਹਿੰਦੇ ਹਨ।

72

ਜੋ ਦਰਸ਼ਨ (ਸ਼ਰਧਾ) ਤੋਂ ਭ੍ਰਿਸ਼ਟ ਹੈ, ਉਹ ਗਿਆਨ ਤੇ ਚਾਰਿੱਤਰ ਤੋਂ ਵੀ ਭ੍ਰਿਸ਼ਟ ਹੁੰਦੇ ਹਨ। ਉਹ ਨਸ਼ਟ ਤੇ ਭ੍ਰਿਸ਼ਟ ਮਨੁੱਖ ਦੂਸਰੇ ਲੋਕਾਂ ਦਾ ਵਿਲਾਸ਼ ਕਰਦੇ ਰਹਿੰਦੇ ਹਨ।

73

ਜੋ ਧਰਮਸ਼ੀਲ ਮਨੁੱਖ ਸੰਜਮ - ਤਪ - ਨਿਯਮ ਅਤੇ ਯੋਗ ਵਾਲਾ ਹੈ, ਉਨ੍ਹਾਂ ਦੇ ਦੋਸ਼ਾਂ ਨੂੰ ਦੱਸਣ ਵਾਲਾ ਖੁਦ ਭ੍ਰਿਸ਼ਟ ਹੈ। ਇਸ ਲਈ ਉਸ ਨੂੰ ਦੂਸਰੇ ਦੇ ਵਰਤ ਨੂੰ ਭੰਗ ਕਰਨ ਵਾਲਾ ਆਖਦੇ ਹਨ।

74

ਜਿਵੇਂ ਜੜ ਦਾ ਵਿਨਾਸ਼ ਹੋਣ 'ਤੇ ਦਰੱਖ਼ਤ ਦੇ ਪਰਿਵਾਰ ਵਿੱਚ ਵਾਧਾ ਨਹੀਂ ਹੁੰਦਾ। ਉਹ ਵੀ ਜੋ ਜਿਨ ਦਰਸ਼ਨ ਭ੍ਰਿਸ਼ਟ ਹੈ, ਉਹ ਮੂਲ ਤੋਂ ਭ੍ਰਿਸ਼ਟ ਹੈ ਉਹ ਸਿੱਧ ਗਤੀ ਨੂੰ ਪ੍ਰਾਪਤ ਨਹੀਂ ਕਰਦੇ।

75

ਜਿਵੇਂ ਮੂਲ ਤੋਂ ਸਕੰਧ (ਤਣਾ) ਤੇ ਉਸ ਤੋਂ ਬਹੁਤ ਗੁਣਾ ਸ਼ਾਖਾ ਉਪ-ਸ਼ਾਖਾਵਾਂ ਆਦਿ ਪੈਦਾ ਹੁੰਦੇ ਹਨ, ਉਸੇ ਤਰ੍ਹਾਂ ਹੀ ਜਿਨੇਸ਼ਵਰ ਭਗਵਾਨ ਨੇ ਮੋਕਸ਼ ਮਾਰਗ ਦਾ ਮੂਲ ਆਧਾਰ ਦਰਸ਼ਨ ਨੂੰ ਕਿਹਾ ਹੈ।

76

ਮਨੁੱਖ ਜਨਮ ਪਾ ਕੇ ਜੋ ਪ੍ਰਾਣੀ ਉੱਤਮ ਗੋਤ ਵਾਲਾ ਹੈ, ਸਮਿਅਕਤ ਨੂੰ ਪ੍ਰਾਪਤ ਕੀਤੇ ਉਹ ਪ੍ਰਾਣੀ ਨਾ ਖ਼ਤਮ ਹੋਣ ਵਾਲੇ ਸੁੱਖ ਤੇ ਮੋਕਸ਼ ਨੂੰ ਪ੍ਰਾਪਤ ਕਰਦਾ ਹੈ।

77

ਜਿਨ ਬਚਨ ਰੂਪੀ ਦਵਾਈ ਵਿਸ਼ੇ ਰੂਪੀ ਬਿਮਾਰੀ ਦੇ ਲਈ ਇਲਾਜ ਹੈ, ਸਹਾਰਾ ਹੈ, ਬੁਢਾਪਾ, ਮਰਨ ਅਤੇ ਦੁੱਖਾਂ ਦਾ ਨਾਸ਼ ਕਰਨ ਵਾਲੀ ਅਤੇ ਸਭ ਪ੍ਰਕਾਰ ਦੇ ਦੁੱਖਾਂ ਨੂੰ ਖ਼ਤਮ ਕਰਨ ਵਾਲੀ ਹੈ।

78

ਜਿਨ ਬਚਨ ਰੂਪੀ ਦਵਾਈ ਤੋਂ ਇਸ ਦੀ ਇੱਛਾ ਰੂਪੀ ਬਿਮਾਰੀ ਨਸ਼ਟ ਨਹੀਂ ਹੁੰਦੀ, ਉਨ੍ਹਾਂ ਦੇ ਲਈ ਅੰਮ੍ਰਿਤ ਵੀ ਜ਼ਹਿਰ ਦੇ ਸਮਾਨ ਹੈ। ਉਹ ਅਨੰਤ ਬਾਰ ਜਨਮ-ਮਰਨ ਨੂੰ ਪ੍ਰਾਪਤ ਕਰਦੇ ਹਨ।

79

ਆਗਮ ਵਿੱਚ ਵਰਨਣ ਕੀਤੇ ਆਚਾਰ ਨੂੰ ਜਾਣਦੇ ਹੋ ਵੀ ਸ਼ਰਮ, ਹੰਕਾਰ ਅਤੇ ਡਰ ਨਾਲ ਉਸ ਦਾ ਆਚਾਰਣ ਨਹੀਂ

ਕਰਦੇ। ਪਾਪ ਦੀ ਹਮਾਇਤ ਕਰਨ ਵਾਲੇ ਉਨ੍ਹਾਂ ਲੋਕਾਂ ਨੂੰ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ।

80

ਦੋ ਪ੍ਰਕਾਰ ਦੇ ਸੰਜਮ - ਉਤਸਰਗ (ਜ਼ਰੂਰੀ) ਅਪਵਾਦ (ਮਜਬੂਰੀ ਕਾਰਨ), ਤਿੰਨ ਯੋਗ - ਮਨ, ਵਚਨ ਅਤੇ ਕਾਇਆ ਵਿੱਚ ਸੰਜਮ ਅਤੇ ਗਿਆਨ ਯੋਗ ਅਤੇ ਕਰਨਯੋਗ ਵਿੱਚ ਸ਼ੁੱਧੀ ਹੋਣ 'ਤੇ ਉਸ ਨੂੰ ਅਭੀਕਸ਼ਨ ਦਰਸ਼ਨ ਦੀ ਪ੍ਰਾਪਤੀ ਹੁੰਦੀ ਹੈ।

81

ਜਿਨੇਸ਼ਵਰ ਭਗਵਾਨ ਨੇ ਜੀਵ ਆਦਿ ਨੌ ਪਦਾਰਥਾਂ 'ਤੇ ਸ਼ਰਧਾ ਰੱਖਣ ਨੂੰ ਸਮਿਅਕਤ ਆਖਿਆ ਹੈ। ਵਿਵਹਾਰ ਅਤੇ ਨਿਸ਼ਚੈ ਨੂੰ ਜਾਣਦਾ ਹੋਇਆ ਪ੍ਰਾਣੀ ਸਮਿਅਕਤਵ ਨੂੰ ਪ੍ਰਾਪਤ ਕਰਦਾ ਹੈ।

82

ਜਿਨੇਂਦਰ ਰਾਹੀਂ ਪ੍ਰਗਟ ਧਰਮ ਵਿੱਚ ਸ਼ਰਧਾ ਕਰਨ 'ਤੇ ਸਮਿਅਕਤਵ ਰਤਨ ਦੀ ਪ੍ਰਾਪਤੀ ਹੁੰਦੀ ਹੈ। ਇਹ ਸਭ ਗੁਣ ਰਤਨਾਂ ਵਿੱਚ ਸਾਰਭੂਤ ਅਤੇ ਮੋਕਸ਼ ਮਾਰਗ ਦੀ ਪਹਿਲੀ ਪੌੜੀ ਹੈ।

83

ਜੋ ਦਰਸ਼ਨ, ਗਿਆਨ, ਚਾਰਿੱਤਰ, ਤਪ, ਨਿਯਮ, ਵਿਨੈ ਅਤੇ ਕਸ਼ਾਂਤੀ ਆਦਿ ਗੁਣਾਂ ਵਾਲਾ ਹੈ ਅਤੇ ਗੁਣੀ ਵਿਅਕਤੀਆਂ ਦੇ ਗੁਣਾਂ ਦੀ ਪ੍ਰਸੰਸਾ ਕਰਨ ਵਾਲਾ ਹੈ, ਉਹ ਵੰਦਨ ਯੋਗ ਹੁੰਦਾ ਹੈ।

84

ਆਗਿਆ ਵਾਲੇ ਸੰਘ ਨੂੰ ਵੇਖ ਕੇ ਮਾਤਸਰਯ (ਧੋਖਾ) ਨਾਲ ਉਸ ਨੂੰ ਸਵੀਕਾਰ ਨਹੀਂ ਕਰਦਾ, ਸੰਜਮ ਸਵੀਕਾਰ ਕਰਨ ਤੇ ਵੀ ਉਸ ਨੂੰ ਮਿੱਥਿਆ ਦ੍ਰਿਸ਼ਟੀ ਸਮਝਣਾ ਚਾਹੀਦਾ ਹੈ।

85

ਦੇਵਤਿਆਂ ਦੇ ਰਾਹੀਂ ਵੰਦਨਯੋਗ ਸਾਧੂਆਂ ਦੇ ਰੂਪ ਨੂੰ ਦੇਖ ਕੇ ਜਿਨ੍ਹਾਂ ਦੇ ਮਨ ਵਿੱਚ ਸੰਤਾਪ ਹੁੰਦਾ ਹੈ, ਉਸ ਦਾ ਉਹ ਸੰਤਾਪ ਜਨਮ-ਜਨਮ ਵਿੱਚ ਅਨੰਤ ਗੁਣਾਂ ਹੁੰਦਾ ਜਾਂਦਾ ਹੈ।

86

ਆਗਮ ਦੇ ਅਨੁਸਾਰ ਆਚਰਣ ਕਰਨ ਵਾਲੇ ਅਤੇ ਸਤ ਉਪਦੇਣ ਦੀਆਂ ਗੱਲਾਂ ਵਿੱਚ ਰਸ ਲੈਣ ਵਾਲੇ ਸਾਧੂ ਵੀ ਜੇਕਰ ਹੰਕਾਰ (ਅਭਿਮਾਨ) ਕਰਦੇ ਹਨ ਤਾਂ ਸਮਿਅਕਤਵ ਤੋਂ ਰਹਿਤ ਹੋ ਜਾਂਦੇ ਹਨ।

87

ਗਿਆਨ, ਦਰਸ਼ਨ, ਤਪ ਅਤੇ ਸੰਜਮ - ਇਨ੍ਹਾਂ ਚਾਰਾਂ ਦੇ ਸਮਾਯੋਗ (ਮੇਲ) ਨੂੰ ਜਿਨ ਸ਼ਾਸਨ (ਜੈਨ ਧਰਮ) ਵਿੱਚ ਮੋਕਸ਼ ਕਿਹਾ ਗਿਆ ਹੈ।

88

ਸਰੀਰ ਨੂੰ ਵੰਦਨਾਂ ਨਹੀਂ ਕੀਤੀ ਜਾਂਦੀ। ਨਾ ਹੀ ਜਾਤ, ਕੁਲ, ਰੂਪ, ਰੰਗ, ਭੇਖ ਆਦਿ ਨੂੰ ਵੰਦਨਾ ਕੀਤੀ ਜਾਂਦੀ ਹੈ। ਗੁਣਹੀਣ ਸਾਧੂ ਜਾਂ ਸ਼੍ਰਾਵਕ (ਉਪਾਸਕ) ਨੂੰ ਕੌਣ ਵੰਦਨਾ ਕਰਦਾ ਹੈ ?

89

ਮਨੁੱਖ ਜਨਮ ਦਾ ਸਾਰਾ ਗਿਆ ਹੈ, ਗਿਆਨ ਦਾ ਸਾਰ ਸ਼ੁੱਧ ਸਮਿਅਕਤਵ, ਸਮਿਅਕਤਵ ਦਾ ਸਾਰ ਚਾਰਿੱਤਰ ਹੈ ਅਤੇ ਚਾਰਿੱਤਰ ਦਾ ਸਾਰ ਨਿਰਵਾਣ ਹੈ।

90

ਸਮਿਅਕਤਵ ਤੋਂ ਬਿਨਾਂ ਦਾਨ ਬੁਰੀ ਆਦਤ ਦੀ ਤਰ੍ਹਾਂ, ਸ਼ੀਲ ਦਾ ਪਾਲਣ ਗ਼ਰੀਬ ਦੀ ਤਰ੍ਹਾਂ ਨਿਸ਼ਫਲ, ਤਪ ਆਦਿ ਬੁਖਾਰ ਦੀ ਤਰ੍ਹਾਂ ਅਤੇ ਧਿਆਨ ਦੁੱਖ ਦਾ ਕਾਰਨ ਹੁੰਦਾ ਹੈ।

91

ਦਰਸ਼ਨ ਭ੍ਰਿਸ਼ਟ ਮਨੁੱਖ ਬੁਰੇ ਗ੍ਰਹਿ ਤੋਂ ਗ੍ਰਸਤ (ਪ੍ਰਭਾਵਿਤ) ਮਨੁੱਖ ਦੀ ਤਰ੍ਹਾਂ ਹੁੰਦਾ ਹੈ, ਉਸ ਦੀ ਤੀਰਥ ਯਾਤਰਾ ਮਨ ਪਰਚਾਵੇ ਲਈ ਅਤੇ ਭਾਵਨਾ ਜਨਮ ਜਨਮ ਭਟਕਾਉਣ ਦੀ ਤਰ੍ਹਾਂ ਹੁੰਦੀ ਹੈ।

92

ਜਿਵੇਂ ਚੰਦਨ ਦਰਖ਼ਤ ਦੀ ਹਵਾ ਤੋਂ ਪ੍ਰੇਰਿਤ ਪਰਿਮਲ ਰਸਿਕ ਹੋਰ ਨਿੰਮ ਆਦਿ ਦੇ ਦਰੱਖ਼ਤ ਚੰਦਨ ਦੀ ਸੁੰਗਧ ਵਿੱਚ ਬਦਲ ਜਾਂਦੇ ਹਨ ਅਤੇ ਚੰਪਕ ਦੀ ਸੁਗੰਧ ਨਾਲ ਸੁਗੰਧਤ ਤਿਲ ਵੀ ਚੰਪਾ ਦੀ ਸੁਗੰਧ ਵਾਲੇ ਹੋ ਜਾਂਦੇ ਹਨ। (ਅਜਿਹੇ ਹੀ ਚੰਗੀ ਜਾਂ ਬੁਰੀ ਸੰਗਤ ਨਲਾ ਵਿਅਕਤੀ ਉਸ ਰੂਪ ਵਾਲੇ ਹੋ ਜਾਂਦੇ ਹਨ)।

93

ਸਵਾਤੀ ਨਛੱਤਰ ਦਾ ਜਲ ਪਵਿੱਤਰ ਸਿੱਪੀ ਵਿੱਚ ਪੈਣ ਨਾਲ ਮੋਤੀ, ਸੱਪ ਦੇ ਮੂੰਹ ਵਿੱਚ ਪੈਣ ਨਾਲ ਹਲਾਹਲ ਵਿਸ਼

(ਜ਼ਹਿਰ) ਅਤੇ ਕੇਲੇ ਦੇ ਪੱਤੇ 'ਤੇ ਡਿੱਗਣ ਨਾਲ ਸ੍ਰੇਸ਼ਠ ਕਪੂਰ ਬਣ ਜਾਂਦਾ ਹੈ।

94

ਸੱਪ ਜੇਕਰ ਚੰਦਨ ਦੀ ਵੇਲ 'ਤੇ ਜ਼ਹਿਰ ਨੂੰ ਨਹੀਂ ਛੱਡਦੇ ਤਾਂ ਇਸ ਵਿੱਚ ਚੰਦਨ ਦਾ ਕੀ ਦੋਸ਼ ? ਗੰਨੇ ਦੇ ਮੁੱਢਲੇ ਭਾਗ ਵਿੱਚ ਉਤਪੰਨ ਨਲਸਤੰਬ ਨਾਮ ਤੁਣ ਜੇਕਰ ਤੇਜ਼ ਖਾਰੇਪਣ ਨੂੰ ਨਹੀਂ ਛੱਡਦਾ ਤਾਂ ਇਸ ਵਿੱਚ ਗੰਨੇ ਦਾ ਕੀ ਦੋਸ਼ ?

95

ਕਸਤੂਰੀ ਦੇ ਨਸ਼ੇ ਵਿੱਚ ਰੱਖਣ 'ਤੇ ਵੀ ਲਸਣ ਆਪਣੀ ਖੁਸ਼ਬੂ ਨਹੀਂ ਛੱਡਦਾ। ਸੂਰਜ ਦੀਆਂ ਕਿਰਨਾਂ ਦੇ ਪਾਸਾਰ ਹੋਣ 'ਤੇ ਵੀ ਉੱਲੂ ਅੰਨ੍ਹਾਪਣ ਨਹੀਂ ਛੱਡਦਾ।

96

ਇਕ ਪੇਟ (ਢਿੱਡ) ਵਿੱਚੋਂ ਪੈਦਾ ਹੋਏ, ਇਕੱਠੇ ਜੰਮੇ ਹੋਏ ਅਤੇ ਇਕੱਠੇ ਪਲ ਕੇ ਵੱਡੇ ਹੋਏ ਭਰਾ ਵੀ ਬੇਰ ਦੇ ਕੰਡੇ ਦੇ ਸਮਾਨ ਇੱਕੋ ਜਿਹੇ ਸ਼ੀਲ (ਚਾਰਿੱਤਰ) ਦਾ ਆਚਾਰਣ ਕਰਨ ਵਾਲੇ ਨਹੀਂ ਹੁੰਦੇ।

97

ਇਸ ਤਰ੍ਹਾਂ ਸਾਧੂ ਅਸਾਧੂ ਦੀ ਸੰਗਤ ਵਿੱਚ ਸਵਾਰ ਹੋ ਕੇ ਵੀ ਪਰੋਪਕਾਰੀ ਵੀ ਨਹੀਂ ਹੁੰਦਾ। ਸੇਵਾ ਅਤੇ ਸੰਗਤ ਦਾ ਫਲ ਤਾਂ ਕੁਪਾਤਰ ਜਾਂ ਸੁਪਾਤਰ ਦੇ ਅਨੁਾਰ ਹੀ ਮਿਲਦਾ ਹੈ।

98

ਕੀ ਕੰਚ ਦੀ ਮਣੀ ਦੇ ਨਾਲ ਰੱਖਿਆ ਹੋਇਆ ਵੈਦੂਰਯਮਣੀ ਕੰਚ ਮਣੀ ਦੇ ਰੂਪ ਵਿੱਚ ਬਦਲਦਾ ਹੈ ? ਕੀ ਕਸੌਟੀ 'ਤੇ ਘਿਸਿਆ ਹੋਇਆ ਸੋਨਾ ਕਾਲੇ ਰੰਗ ਦਾ ਹੁੰਦਾ ਹੈ ?

99

ਮਨੁੱਖ ਦੇਵਲੋਕ ਨੂੰ ਪ੍ਰਾਪਤ ਕਰ ਸਕਦਾ ਹੈ, ਲੀਲਾ ਕਰਦੀ ਮਨ ਦੀ ਇੱਛਾ ਪੂਰੀ ਕਰਨ ਵਾਲੀ ਲੱਛਮੀ ਨੂੰ ਪ੍ਰਾਪਤ ਕਰ ਸਕਦਾ ਹੈ, ਪਰ ਦੁਰਲਭ ਰਤਨ ਦੀ ਤਰ੍ਹਾਂ ਖੋਏ ਹੋਏ ਸੰਜਮ ਨੂੰ ਪ੍ਰਾਪਤ ਨਹੀਂ ਕਰ ਸਕਦਾ।

100

ਸੰਜਮ ਰਹਿਤ ਲਿੰਗ (ਭੇਖ), ਦਰਸ਼ਨ ਭ੍ਰਿਸ਼ਟ ਸੰਜਮ ਅਤੇ ਆਗਿਆ ਰਹਿਤ ਧਰਮ ਇਹ ਸਭ ਵਿਅਰਥ ਹਨ।

101

ਜਿਨ ਵਚਨ ਨੂੰ ਪ੍ਰਾਪਤ ਨਾ ਕਰਨ ਵਾਲੇ ਜੀਵ, ਤਿੱਖੇ ਦੁੱਖਾਂ ਨੂੰ ਪ੍ਰਾਪਤ ਕਰਦੇ ਹਨ। ਜੋ ਸਮਿਅਕਤਵ ਰੂਪੀ ਸੰਪਤੀ ਨੂੰ ਪ੍ਰਾਪਤ ਕਰਕੇ ਪ੍ਰਮਾਦ (ਆਲਸ) ਕਰਦੇ ਹਨ, ਉਨ੍ਹਾਂ ਨੂੰ ਘੋਰ ਸੰਸਾਰ (ਜਨਮ ਮਰਨ ਦਾ ਦੁੱਖ) ਪ੍ਰਾਪਤ ਹੁੰਦਾ ਹੈ।

102

ਇਸ ਅਪਾਰ ਸੰਸਾਰ ਵਿੱਚ ਆਗਿਆ ਰਹਿਤ ਮਨੁੱਖ ਅਨੰਤ ਕਾਲ ਤੱਕ ਗਿਆਨ ਪ੍ਰਾਪਤ ਨਹੀਂ ਕਰ ਸਕਦਾ।

103

ਉਪਕਾਰ ਨੂੰ ਭੁਲਾਉਣ ਦੇ ਕਾਰਨ ਕੋਈ ਮਨੁੱਖ ਸਾਧੂ ਸੰਘ ਦੇ ਦੋਸ਼ਾਂ ਨੂੰ ਪ੍ਰਗਟ (ਉਜਾਗਰ) ਕਰਦਾ ਹੈ, ਉਨ੍ਹਾਂ ਦੇ ਪ੍ਰਤੀ ਗਲਤ ਭਾਸ਼ਾ ਇਸਤੇਮਾਲ ਕਰਦਾ ਹੈ ਅਤੇ ਚੰਗੇ ਸਾਧੂਆਂ ਦੀ ਸੰਗਤ ਨਹੀਂ ਕਰਦਾ ਹੈ।

104

ਚੰਗੇ ਗੁਣ ਵਾਲੇ ਸਾਧੂਆਂ ਦੀ ਨਿੰਦਾ ਚੰਗਾ ਨਹੀਂ ਹੁੰਦੀ। ਇਸ ਤੋਂ ਇਹ ਸੰਸਾਰ ਤੇ ਪਰਲੋਕ ਵਿੱਚ ਘੋਰ ਦਰਿੱਦਰਤਾ ਪ੍ਰਾਪਤ ਹੁੰਦੀ ਹੈ। ਉਹ ਸੱਮਿਅਕ ਪ੍ਰਕਾਰ ਤੋਂ ਪਾਲੇ ਸੱਪ ਜਾਤੀ ਦੀ ਤਰ੍ਹਾਂ ਹਰ ਜਨਮ ਵਿੱਚ ਵਿਘਨ ਦੇਣ ਵਾਲੀ ਹੁੰਦੀ ਹੈ।

105

ਦੁਸ਼ਟਤਾ, ਚੁਗਲੀ, ਦੁਰਵਿਦਗਤਾ ਅਤੇ ਜ਼ਿਆਦਾ ਕਰੋਧ ਕਰਨ ਨਾਲ ਜੀਵ ਗਿਆਨ ਨੂੰ ਗਵਾ ਬੈਠਦਾ ਹੈ ਅਤੇ ਕੀੜੇ ਪਤੰਗੇ ਦੀ ਜੂਨੀ ਪ੍ਰਾਪਤ ਕਰਦਾ ਹੈ।

106

ਚੁਗਲੀ ਕਰਨ ਵਿੱਚ ਰਸ ਲੈਣ ਵਾਲਾ ਮਨੁੱਖ ਖੂਨ ਸੁਕਾਉਣ ਵਾਲੀ ਜਲ ਸੱਪਣੀ ਤੇ ਕੂੜੇ ਵਿੱਚ ਪੈਦਾ ਹੋਏ ਛੋਟੇ ਛੋਟੇ ਕੀੜੇ ਦੇ ਰੂਪ ਵਿੱਚ ਉਤਪੰਨ ਹੁੰਦੇ ਹਨ।

107

ਅਸਾਧੂ ਦੇ ਸਾਹਮਣੇ ਸਾਧੂ ਦੀ ਨਿੰਦਾ ਕਰਨ ਨਾਲ ਜੀਵ ਹੱਥ-ਪੈਰ ਤੋਂ ਨਕਾਰਾ, ਗੂੰਗਾ, ਅੰਨ੍ਹਾ, ਦਰਿੱਦਰੀ ਅਤੇ ਘੋਰ ਦੁੱਖਾਂ ਵਾਲਾ ਹੁੰਦਾ ਹੈ। ਉਸ ਦਾ ਸਰੀਰ ਦਰਦ ਨਾਲ ਭਿਅੰਕਰ ਕਸ਼ਟ ਪਾਉਂਦਾ ਹੈ।

108

ਨਿੰਦਾ ਚੁਗਲੀ ਵਿੱਚ ਲੱਗੇ ਅਤੇ ਪਰਾਈ ਨਿੰਦਾ ਅਤੇ ਖ਼ੁਦ ਤਾਰੀਫ਼ ਕਰਨ ਵਾਲੇ ਲੋਕਾਂ ਨੂੰ ਬੋਧੀ ਕਿਵੇਂ ਪ੍ਰਾਪਤ ਹੋਵੇਗੀ ? ਉਹ ਦੂਸਰੇ ਦੀ ਅਤੇ ਆਪਣੀ ਆਤਮਾ ਨੂੰ ਸੰਸਾਰ ਵਿੱਚ ਡੁਬੋਂਦੇ ਹਨ।

109

ਸਥਾਨਾਂਗ ਸੂਤਰ ਵਿੱਚ ਕਿਹਾ ਗਿਆ ਹੈ ਕਿ ਪੰਜ ਵਿਅਕਤੀਆਂ ਦਾ ਅਵਰਣਵਾਦ ਬੋਲਣ ਨਾਲ ਮਨੁੱਖ ਸਦਾ ਦੁਰਲਭ ਬੋਧੀਤਵ ਨੂੰ ਪ੍ਰਾਪਤ ਕਰਦੇ ਹਨ।

110

ਉਨ੍ਹਾਂ ਦੇ ਗੁਣਾਂ ਦਾ ਕੀਰਤਨ ਕਰਨ ਵਾਲੇ ਸੁਲਭਬੋਧਤਵ ਨੂੰ ਪ੍ਰਾਪਤ ਕਰਦੇ ਹਨ। ਜਿਵੇਂ ਮਗਧ ਸਮਰਾਟ ਸ਼੍ਰੈਣਿਕ ਅਤੇ ਕ੍ਰਿਸ਼ਨ ਆਦਿ ਨੇ ਗੁਣੋਤਕੀਰਤਨ ਨਾਲ ਸਮਿਅਕਤਵ ਨੂੰ ਪ੍ਰਾਪਤ ਕੀਤਾ।

111

ਧਰਮ ਤੋਂ ਮਨੁੱਖ ਦੀ ਜਿੱਤ ਹੁੰਦੀ ਹੈ ਅਤੇ ਲਲਿਤਾਂਗਕੁਮਾਰ ਦੀ ਤਰ੍ਹਾਂ ਬੋਧੀ ਫਲ ਨੂੰ ਪ੍ਰਾਪਤ ਕਰਦੇ ਹਨ। ਬਹੁਤ ਤੱਥਹੀਣ ਆਚਰਣ ਕਰਨ ਵਾਲੇ ਕਾਪਾਲਿਕ ਭੀ ਭੀਮਕੁਮਾਰ ਦੀ ਤਰ੍ਹਾਂ ਅਹਿੰਸਕ ਹੋ ਜਾਂਦਾ ਹੈ।

112

ਧੱਮਿੱਲ, ਦਾਮਨਕ ਅਤੇ ਅੰਗਦੱਤ ਰਾਜਾ ਨੇ ਸੱਚ ਨਾਲ ਅਤੇ ਦਮਦੰਡ, ਮੁਨਪਤੀ ਅਤੇ ਕੇਤਾਰਯ ਨੇ ਸਮਤਾ (ਸਮ ਭਾਵ) ਨਾਲ ਬੋਧੀ ਨੂੰ ਪ੍ਰਾਪਤ ਕੀਤਾ।

113

ਵਲਕਲਚੀਰੀ ਧੰਨ ਸੀ, ਜਿਸ ਨੇ ਕੁਲਿੰਗੀਆਂ (ਗਲਤ ਧਾਰਨਾ) ਦੇ ਵਿੱਚ ਵੀ ਸਮਿਅਕਤ ਨੂੰ ਪ੍ਰਾਪਤ ਕਰ ਲਿਆ ਅਤੇ ਸੁਬੁੱਧੀ ਮੰਤਰੀ ਵੀ ਧੰਨ ਸੀ, ਜੋ ਧਰਮ ਅਚਾਰਿਆ ਨਾਲ ਪ੍ਰਤੀਬੁੱਧ (ਬੋਧੀ ਗਿਆਨ) ਨੂੰ ਪ੍ਰਾਪਤ ਹੋਇਆ।

114

ਮਨੁੱਖ ਭਾਵੇ ਵਿਧੀ ਅਤੇ ਅਵਿਧੀ ਨੂੰ ਨਾ ਜਾਣੇ ਪਰ ਉਸ ਨੂੰ ਜਿਨੇਸ਼ਵਰ ਦੇਵ ਦਾ ਪਰਛਾਵਾਂ ਦੇਖ ਕੇ ਨਿਪੁੰਨਬੁੱਧੀ ਲਾਲ ਸਿੱਧਾਂ ਦਾ ਸਤਵਨ (ਗੁਣਗਾਣ) ਕਰਨਾ ਚਾਹੀਦਾ ਹੈ।

115

ਇਹ ਆਗਮ ਅਸ਼ਟੋਤਰਿਕਾ ਸ੍ਰੀਅਭੈਦੇਵਸੂਰੀ ਦੁਆਰਾ ਰਚਿਤ ਹੈ। ਇਸ ਨੂੰ ਪੜ੍ਹਨ ਨਾਲ ਪਾਪ ਦੂਰ ਹੋ ਜਾਂਦੇ ਹਨ ਅਤੇ ਇਸ ਦਾ ਚਿੰਤਨ ਕਰਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

# ਆਗਮ ਅਠੁੱਤਰੀ ਨਾਲ ਸਬੰਧਤ ਕਹਾਣੀਆਂ

## ਦਰੱਵ ਪਰੰਪਰਾ - ਮ੍ਰਿਗਾਵਤੀ ਤੇ ਪ੍ਰਦੋਤ ਰਾਜੇ ਦੀ ਕਹਾਣੀ

ਮ੍ਰਿਗਾਵਤਾ ਵੈਸ਼ਾਲੀ ਗਣਤੰਤਰ ਦੇ ਰਾਜੇ ਮਹਾਰਾਜਾ ਚੇਟਕ ਦੀ ਪੁੱਤਰੀ ਤੇ ਰਾਜਾ ਸ਼ਤਾਨੀਕ ਦੀ ਪਤਨੀ ਸੀ। ਇੱਕ ਬਾਰ ਰਾਜਾ ਮਹਿਲ ਅੰਦਰ ਚਿੱਤਰਸ਼ਾਲਾ ਬਣਵਾ ਰਿਹਾ ਸੀ। ਉਸ ਚਿੱਤਰਸ਼ਾਲਾ ਵਿੱਚ ਇੱਕ ਯਕਸ਼ ਤੋਂ ਵਰ ਪ੍ਰਾਪਤ ਚਿੱਤਰਕਾਰ ਸੀ ਜੋ ਸਰੀਰ ਦੇ ਇੱਕ ਅੰਗ ਨੂੰ ਵੇਖ ਕੇ ਸਾਰੇ ਸਰੀਰ ਦਾ ਹੂ-ਬ-ਹੂ ਚਿੱਤਰ ਬਣਾ ਦਿੰਦਾ ਸੀ। ਰਾਜ ਮਹਿਲ ਵਿੰਚ ਖੜ੍ਹੀ ਰਾਣੀ ਦੇ ਪੈਰ ਦੇ ਅੰਗੂਠੇ ਨੂੰ ਵੇਖ ਕੇ ਉਸ ਨੇ ਰਾਣੀ ਦਾ ਚਿੱਤਰ ਬਣਾ ਦਿੱਤਾ। ਜਿਉਂ ਹੀ ਚਿੱਤਰ ਤਿਆਰ ਹੋਇਆ ਤਾਂ ਇੱਕ ਰੰਗ ਦਾ ਛਿੱਟਾ ਰਾਣੀ ਦੇ ਚਿੱਤਰ ਦੇ ਪੱਟ ਉੱਪਰ ਗਿਰ ਪਿਆ। ਲੱਖ ਮਿਟਾਉਣ ’ਤੇ ਵੀ ਉਹ ਮਿਟ ਨਾ ਸਕਿਆ। ਜਦ ਰਾਜੇ ਨੇ ਚਿੱਤਰ ਨੂੰ ਵੇਖਿਆ ਤਾਂ ਰਾਜੇ ਨੇ ਸੋਚਿਆ ਕਿ ਚਿੱਤਰਕਾਰ ਦੁਰਾਚਾਰੀ ਹੈ। ਇਸ ਨੂੰ ਗੁਪਤਅੰਗ ’ਤੇ ਤਿਲ ਦਾ ਗਿਆਨ ਕਿਵੇਂ ਹੋਇਆ। ਰਾਜੇ ਨੇ ਚਿੱਤਰਕਾਰ ਨੂੰ ਫ਼ਾਂਸੀ ਦੀ ਸਜ਼ਾ ਸੁਣਾਉਣ ਦਾ ਹੁਕਮ ਦਿੱਤਾ। ਚਿੱਤਰਕਾਰ ਨੇ ਆਪਣੇ ਆਪ ਨੂੰ ਪ੍ਰਾਪਤ ਵਰਦਾਨ ਦੀ ਗੱਲ ਆਖੀ। ਰਾਜੇ ਨੇ ਉਸ ਨੂੰ ਕੁਬਜ਼ਾ ਦਾਸੀ ਦਾ ਚਿੱਤਰ ਬਣਾਉਣ ਲਈ ਆਖਿਆ। ਚਿੱਤਰਕਾਰ ਨੇ ਉਹ ਚਿੱਤਰ ਬਣਾ ਦਿੱਤਾ, ਰਾਜੇ ਦਾ ਗੁੱਸਾ ਸ਼ਾਂਤ ਹੋ ਗਿਆ ਪਰ ਉਸ ਨੇ ਚਿੱਤਰਕਾਰ ਦਾ ਸੱਜਾ ਅੰਗੂਠਾ ਕਟਵਾ ਦਿੱਤਾ। ਬਿਨਾਂ

ਕਾਰਨ ਸਜ਼ਾ ਪਾਉਣ 'ਤੇ ਚਿੱਤਰਕਾਰ ਦੇ ਮਨ ਵਿੱਚ ਕ੍ਰੋਧ ਜਾਗ ਪਿਆ। ਉਸ ਨੇ ਖੱਬੇ ਹੱਥ ਨਾਲ ਚਿੱਤਰ ਬਣਾਉਣ ਦਾ ਅਭਿਆਸ ਕੀਤਾ ਅਤੇ ਰਾਣੀ ਮ੍ਰਿਗਾਵਤੀ ਦਾ ਚਿੱਤਰ ਬਣਾ ਉਜੈਨੀ ਦੇ ਰਾਜਾ ਚੰਦ ਪ੍ਰਦੋਤ ਕੋਲ ਪੇਸ਼ ਹੋਇਆ। ਚਿੱਤਰ ਨੂੰ ਵੇਖ ਕੇ ਰਾਜੇ ਦੇ ਮਨ ਵਿੱਚ ਵਾਸਨਾ ਜਾਗ ਪਈ। ਉਸ ਨੇ ਮ੍ਰਿਗਾਵਤੀ ਨੂੰ ਪ੍ਰਾਪਤ ਕਰਨ ਲਈ ਕੋਸ਼ੰਭੀ ਨਗਰੀ 'ਤੇ ਹਮਲਾ ਕਰ ਦਿੱਤਾ। ਰਾਜਾ ਸ਼ਤਾਨੀਕ ਡਰ ਗਿਆ ਅਤੇ ਅਤੀਸਾਰ ਰੋਗ ਕਾਰਨ ਉਸ ਦੀ ਮੌਤ ਹੋ ਗਈ। ਚੰਦ ਪ੍ਰਦੋਤ ਨੇ ਸ਼ਹਿਰ ਨੂੰ ਘੇਰ ਰੱਖਿਆ ਸੀ। ਉਸ ਸਮੇਂ ਮ੍ਰਿਗਾਵਤੀ ਨੇ ਹੌਸਲੇ ਦੇ ਨਾਲ ਚੰਦ ਪ੍ਰਦੋਤ ਨੂੰ ਸੁਨੇਹਾ ਦਿੱਤਾ, ''ਹੁਣ ਮੇਰਾ ਤੁਹਾਡੇ ਸਿਵਾ ਕੌਣ ਹੈ, ਜੇ ਤੁਸੀਂ ਮੈਨੂੰ ਚਾਹੁੰਦੇ ਹੋ ਤਾਂ ਉਜੈਨੀ ਦੀ ਚਾਰਦੀਵਾਰੀ ਤੁੜਕਾ ਕੇ ਉਨ੍ਹਾਂ ਇੱਟਾਂ ਨਾਲ ਕੋਸ਼ੰਭੀ ਦੀ ਟੁੱਟੀ ਹੋਈ ਚਾਰਦੀਵਾਰੀ ਪੂਰੀ ਕਰਵਾ ਦਿਓ। ਉਸ ਤੋਂ ਬਾਅਦ ਕੁਝ ਵਿਚਾਰ ਹੋ ਸਕਦਾ ਹੈ।''

ਰਾਜਾ ਚੰਡ ਪ੍ਰਦੋਤ ਉਸ ਨੂੰ ਰਾਣੀ ਦੀ ਹਾਂ ਸਮਝਿਆ ਅਤੇ ਉਸ ਨੇ ਸ਼ਹਿਰ ਦੇ ਕਿਲੇ 'ਤੇ ਚਾਰਦੀਵਾਰੀ ਬਣਵਾਉਣੀ ਸ਼ੁਰੂ ਕਰ ਦਿੱਤੀ। ਸ਼ਹਿਰ ਦੀ ਚਾਰਦੀਵਾਰੀ ਪੂਰੀ ਹੋ ਗਈ।

ਰਾਜਾ ਚੰਡ ਪ੍ਰਦੋਤ ਫਿਰ ਰਾਣੀ ਮ੍ਰਿਗਾਵਤੀ ਨੂੰ ਪਾਉਣ ਦੀ ਇੱਛਾ ਕਰਨ ਲੱਗਾ। ਸੰਯੋਗ ਨਾਲ ਉਸੇ ਸਮੇਂ ਭਗਵਾਨ ਮਹਾਵੀਰ ਆਪਣਾ ਧਰਮ ਪ੍ਰਚਾਰ ਕਰਦੇ ਹੋਏ ਉਸ ਨਗਰੀ ਵਿੱਚ ਆਏ, ਰਾਜਾ ਪ੍ਰਦੋਤ ਭਗਵਾਨ ਮਹਾਵੀਰ ਦੇ ਚਰਨਾਂ ਵਿੱਚ ਨਮਸਕਾਰ ਕਰਨ ਅਤੇ ਉਪਦੇਸ਼ ਸੁਣਨ ਲਈ ਆਇਆ। ਰਾਣੀ ਮ੍ਰਿਗਾਵਤੀ ਆਪਣੇ ਪੁੱਤਰ ਨੂੰ ਨਾਲ ਲੈ ਕੇ ਭਗਵਾਨ ਮਹਾਵੀਰ ਦੇ ਦਰਬਾਰ

ਵਿੱਚ ਪੁੱਜੀ। ਮ੍ਰਿਗਾਵਤੀ ਨੇ ਭਗਵਾਨ ਮਹਾਵੀਰ ਦੇ ਚਰਨਾਂ ਵਿੰਚ ਬੇਨਤੀ ਕੀਤੀ ਕਿ ਭਗਵਾਨ ਮੈਂ ਸੰਸਾਰ ਦਾ ਰੂਪ ਜਾਣ ਕੇ ਤੁਹਾਡੇ ਚਰਨਾਂ ਵਿੱਚ ਦੀਖਿਆ ਲੈਣਾ ਚਾਹੁੰਦੀ ਹਾਂ ਅਤੇ ਬਾਲਕ ਉਦਯਨ ਦੀ ਰੱਖਿਆ ਦਾ ਭਾਰ ਮੈਂ ਰਾਜਾ ਚੰਡ ਪ੍ਰਦੋਤ ਨੂੰ ਸੌਂਪਣਾ ਚਾਹੁੰਦੀ ਹਾਂ। ਇਸ ਤਰ੍ਹਾਂ ਪੁੱਤਰ ਦਾ ਭਾਰ ਸੌਂਪ ਕੇ ਰਾਣੀ ਮ੍ਰਿਗਾਵਤੀ ਨੇ ਭਗਵਾਨ ਮਹਾਵੀਰ ਤੋਂ ਦੀਖਿਆ ਗ੍ਰਹਿਣ ਕੀਤੀ। ਰਾਜਾ ਚੰਦ ਪ੍ਰਦੋਤ ਦਾ ਕਾਮ ਵਿਕਾਰ ਵੀ ਨਸ਼ਟ ਹੋ ਗਿਆ ਅਤੇ ਉਸ ਨੇ ਮੰਤਰੀਆਂ ਦੀ ਹਿਫ਼ਾਜ਼ਤ ਵਿੱਚ ਉਦਯਨ ਨੂੰ ਕੋਸ਼ੰਭੀ ਦੇ ਸਿੰਘਾਸਣ ’ਤੇ ਬਿਠਾ ਦਿੱਤਾ।

## ਹੁਕਮ ਅਦੂਲੀ

ਇੱਕ ਰਾਜਾ ਦੀ ਪਤਨੀ ਕਿਸੇ ਗਰੀਬ ’ਤੇ ਕਿਰਪਾ ਕਰਕੇ ਰਾਜੇ ਨੂੰ ਆਖਣ ਲੱਗੀ ਕਿ ਉਸ ਦੀ ਗ਼ਰੀਬੀ ਦੂਰ ਕਰ ਦਿਓ। ਰਾਜੇ ਨੇ ਖ਼ੁਸ਼ ਹੋ ਕੇ ਉਸ ਦਰਿੱਦਰੀ ਪੁਰਸ਼ ਨੂੰ ਧਨਵਾਨ ਬਣਾ ਦਿੱਤਾ। ਧਨਵਾਨ ਬਣਦੇ ਹੀ ਧੰਨਵਾਦ ਸਰੂਪ ਉਹ ਰਾਜੇ ਦੀ ਭਗਤੀ ਕਰਨ ਲੱਗਾ। ਰਾਜੇ ਨੇ ਉਸ ਦੀ ਭਗਤੀ ਤੋਂ ਖ਼ੁਸ਼ ਹੋ ਕੇ ਉਸ ਨੂੰ ਪ੍ਰਧਾਨ ਪੁਰਸ਼ ਬਣਾ ਦਿੱਤਾ। ਕੁਝ ਦਿਨਾਂ ਬਾਅਦ ਰਾਜੇ ਦੇ ਮਨ ਵਿੱਚ ਗੁਆਂਢੀ ਦੇਸ਼ ’ਤੇ ਜਿੱਤ ਹਾਸਲ ਕਰਨ ਦੀ ਇੱਛਾ ਜਾਗ ਪਈ। ਉਹ ਪ੍ਰਧਾਨ ਪੁਰਸ਼ ਨੂੰ ਸਭ ਕੁਝ ਸੰਭਾਲ ਕੇ ਸੈਨਾ ਦੇ ਨਾਲ ਉਸ ਦੇਸ਼ ਨੂੰ ਜਿੱਤਣ ਚਲਾ ਗਿਆ। ਰਾਜੇ ਦੇ ਜਾਣ ਤੋਂ ਬਾਅਦ ਉਹ ਮਨੁੱਖ ਮਹਿਲਾਂ ਵਿੱਚ ਜਾਣ ਲੱਗਾ। ਭਵਿੱਖ ਦਾ

ਸਿੱਟਾ ਨਾ ਜਾਣਦੇ ਹੋਏ ਉਹ ਪਟਰਾਣੀ ਦੇ ਨਾਲ ਭੋਗ ਭੋਗਣ ਲੱਗਾ। ਜਿੱਤ ਪ੍ਰਾਪਤ ਕਰਕੇ ਰਾਜਾ ਜਦ ਆਪਣੇ ਰਾਜ ਵਿੱਚ ਵਾਪਸ ਪੁੱਜਾ ਤਾਂ ਉੱਥੇ ਪਹੁੰਚਦੇ ਹੀ ਰਾਜੇ ਨੂੰ ਪ੍ਰਧਾਨ ਪੁਰਸ਼ ਦੀ ਸ਼ਿਕਾਇਤ ਮਿਲੀ। ਰਾਜੇ ਨੇ ਪ੍ਰਧਾਨ ਪੁਰਸ਼ ਦੇ ਦੁਸ਼-ਚਰਿੱਤਰ ਨੂੰ ਜਾਣ ਕੇ ਉਸ ਦੇ ਟੁਕੜੇ ਟੁਕੜੇ ਕਰਵਾ ਦਿੱਤੇ।

## ਮਹਾਰਾਜਾ ਸ਼੍ਰੈਣਿਕ ਦੀ ਧਰਮ ਸ਼ਰਧਾ

ਰਾਜਗੀਰੀ ਦਾ ਰਾਜਾ ਸ਼੍ਰੈਣਿਕ ਭਗਵਾਨ ਮਹਾਵੀਰ ਦਾ ਪਰਮ ਭਗਤ ਸੀ। ਇੱਕ ਬਾਰ ਦੇਵਤਿਆਂ ਦੀ ਸਭਾ ਵਿੱਚ ਇੰਦਰ ਨੇ ਉਸ ਦੀ ਭਗਤੀ ਦੀ ਪ੍ਰਸੰਸਾ ਕੀਤੀ। ਇੱਕ ਦੇਵਤੇ ਨੂੰ ਇੰਦਰ ਦੀ ਗੱਲ ’ਤੇ ਵਿਸ਼ਵਾਸ ਨਾ ਹੋਇਆ। ਉਹ ਸਾਧੂ ਦਾ ਭੇਸ ਬਣਾ ਕੇ ਸ਼੍ਰੈਣਿਕ ਰਾਜੇ ਕੋਲ ਆਇਆ। ਸ਼੍ਰੈਣਿਕ ਰਾਜੇ ਨੇ ਦੇਵ ਬਣੇ ਉਸ ਸਾਧੂ ਦੇ ਪਾਤਰ ਵਿੱਚ ਮਾਸ ਵੇਖਿਆ। ਜਦ ਸ਼੍ਰੈਣਿਕ ਨੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਸਾਰੇ ਸਾਧੂ ਚੋਰੀ ਚੋਰੀ ਮਾਸ ਖਾਂਦੇ ਹਨ, ਇਕੱਲਾ ਮੈਂ ਹੀ ਨਹੀਂ। ਸ਼੍ਰੈਣਿਕ ਨੇ ਕਿਹਾ ਕਿ ਇਹ ਸੰਭਵ ਨਹੀਂ ਕਿ ਨਿਰਗ੍ਰੰਥ ਸਾਧੂ ਕਦੇ ਮਾਸ ਆਦਿ ਦਾ ਸੇਵਨ ਕਰੇ। ਮੇਰੀ ਸਾਧੂਆਂ ’ਤੇ ਅਟੁੱਟ ਸ਼ਰਧਾ ਹੈ।

ਥੋੜ੍ਹਾ ਜਿਹਾ ਅੱਗੇ ਚੱਲ ਕੇ ਸ਼੍ਰੈਣਿਕ ਨੇ ਇੱਕ ਗਰਭਵਤੀ ਜੈਨ ਸਾਧਵੀ ਨੂੰ ਵੇਖਿਆ। ਜੈਨ ਧਰਮ ਦੀ ਬਦਨਾਮੀ ਨਾ ਹੋਵੇ, ਇਸ ਲਈ ਸ਼੍ਰੈਣਿਕ ਉਸ ਨੂੰ ਆਪਣੇ ਘਰ ਦੇ ਭੋਰੇ ਵਿੱਚ ਲੈ ਆਇਆ। ਸ਼੍ਰੈਣਿਕ ਨੇ ਉਸ ਸਾਧਵੀ ਦੀ ਸਾਰੀ ਦੇਖਭਾਲ ਕੀਤੀ। ਦੇਵਤਾ ਰੂਪੀ ਸਾਧਵੀ ਨੇ ਮਰੀ ਹੋਏ ਗਾਂ ਦੇ ਮਾਸ ਜਿਹੀ ਦੁਰਗੰਧ

ਵੇਦ ਸ਼ਕਤੀ ਨਾਲ ਫੈਲਾਅ ਦਿੱਤੀ। ਪਰ ਰਾਜਾ ਸ਼੍ਰੈਣਿਕ ਇਹ ਗੱਲਾਂ ਦੇਖ ਕੇ ਵਿਚਲਿਤ ਨਾ ਹੋਇਆ। ਦੇਵਤਾ ਪ੍ਰਗਟ ਹੋ ਕੇ ਉਸ ਦੀ ਪ੍ਰਸੰਸਾ ਕਰਕੇ ਵਾਪਸ ਚਲਿਆ ਗਿਆ।

## ਸ਼੍ਰੀ ਕ੍ਰਿਸ਼ਨ ਵਾਸੂਦੇਵ ਦੀ ਵੰਦਨਾ

22ਵੇਂ ਤੀਰਥੰਕਰ ਭਗਵਾਨ ਅਰਿਸ਼ਟਨੇਮੀ ਦਾ ਉਪਦੇਸ਼ ਸੁਣਨ ਲਈ ਕ੍ਰਿਸ਼ਨ ਵਾਸੂਦੇਵ ਦਵਾਰਕਾ ਆਏ। ਕ੍ਰਿਸ਼ਨ ਵਾਸੂਦੇਵ ਭਗਵਾਨ ਅਰਿਸ਼ਟਨੇਮੀ ਨੂੰ ਵੰਦਨਾਂ ਕਰਨ ਲਈ ਰਾਜ ਭਵਨ ਤੋਂ ਨਿਕਲੇ। ਭਗਵਾਨ ਅਰਿਸ਼ਟਨੇਮੀ ਦੇ 18 ਹਜ਼ਾਰ ਚੇਲਿਆਂ ਨੂੰ ਨਮਸਕਾਰ ਕਰਨ ਦੀ ਇੱਛਾ ਨਾਲ ਵਾਸੂਦੇਵ ਕ੍ਰਿਸ਼ਨ ਨੇ ਭਗਵਾਨ ਅਰਿਸ਼ਟਨੇਮੀ ਤੋਂ ਪੁੱਛਿਆ, ‘‘ਭਗਵਾਨ ਮੈਂ ਇੰਨੇ ਸੰਤਾਂ ਨੂੰ ਨਮਸਕਾਰ ਕਿਵੇਂ ਕਰਾਂ ? ਭਗਵਾਨ ਅਰਿਸ਼ਟਨੇਮੀ ਨੇ ਆਖਿਆ ਕਿ ਤੁਸੀਂ ਸਭ ਨੂੰ ਦਰੱਵ (ਸਰੀਰ) ਰੂਪ ਵਿੱਚ ਵੰਦਨਾ ਨਾ ਕਰਕੇ ਭਾਵ ਰੂਪ ਵਿੱਚ ਵੰਦਨਾ ਕਰੋ। ਭਗਵਾਨ ਅਰਿਸ਼ਟਨੇਮੀ ਦੀ ਪ੍ਰੇਰਨਾ ਪਾ ਕੇ ਕ੍ਰਿਸ਼ਨ ਵਾਸੂਦੇਵ ਨੇ ਸਾਰੇ ਸਾਧੂਆਂ ਨੂੰ ਵੰਦਨਾਂ ਕੀਤੀ। ਉਹਨਾਂ ਦੇ ਨਾਲ ਆਏ ਹੋਰ ਰਾਜਿਆਂ ਵੀ ਉਸੇ ਪ੍ਰਕਾਰ ਵੰਦਨਾ ਕੀਤੀ। ਵੀਰ ਕੌਲਿਕ ਨੇ ਵੀ ਵਾਸੂਦੇਵ ਕ੍ਰਿਸ਼ਨ ਦੇ ਮੁਤਾਬਿਕ ਸਾਰਿਆਂ ਨੂੰ ਵੰਦਨਾਂ ਕਰ ਰਿਹਾ ਸੀ। ਵੰਦਨਾਂ ਕਰਦੇ ਕਰਦੇ ਵਾਸੂਦੇਵ ਕ੍ਰਿਸ਼ਨ ਪਸੀਨੇ ਨਾਲ ਤਰ-ਬ-ਤਰ ਹੋ ਗਏ। ਵੰਦਨਾ ਤੋਜ ਬਾਅਦ ਕ੍ਰਿਸ਼ਨ ਵਾਸੂਦੇਵ ਨੇ ਭਗਵਾਨ ਅਰਿਸ਼ਟਨੇਮੀ ਨੂੰ ਪੁੱਛਿਆ ਕਿ ਮੈਂ ਜ਼ਿੰਦਗੀ ਵਿੱਚ 360 ਯੁੱਧ ਕੀਤੇ ਹਨ। ਉਨ੍ਹਾਂ ਯੁੱਧਾਂ ਵਿੱਚ ਮੈਨੂੰ ਇੰਨੀ ਥਕਾਨ ਨਹੀਂ ਹੋਈ ਜਿੰਨੀ ਅੱਜ ਹੋਈ

ਹੈ। ਭਗਵਾਨ ਅਰਿਸ਼ਟਨੇਮੀ ਨੇ ਉੱਤਰ ਦਿੱਤਾ, ‘‘ਕ੍ਰਿਸ਼ਨ ਵੰਦਨਾ ਦੇ ਰਾਹੀਂ ਅੱਜ ਤੁਸੀਂ ਸ਼ਾਇਦ ਸਮਿਅਕਤ ਦੀ ਪ੍ਰਾਪਤੀ ਕਰ ਲਈ ਹੈ। ਇਸ ਦ੍ਰਿੜ੍ਹ ਸ਼ਰਧਾ ਕਾਰਨ ਤੁਸੀਂ ਤੀਰਥੰਕਰ ਗੋਤਰ ਦਾ ਵੰਦਨ ਕਰ ਲਿਆ ਹੈ। ਆਉਣ ਵਾਲੇ ਭਵਿੱਖ ਵਿੱਚ ਤੁਸੀਂ ਪਹਿਲੇ ਤੀਰਥੰਕਰ ਬਣੋਗੇ।

## ਰਾਜਕੁਮਾਰ ਲਲਿਤਾਂਗ ਕੁਮਾਰ ਦੀ ਕਥਾ

ਸ਼੍ਰੀਵਾਸ ਨਗਰ ਦੇ ਰਾਜੇ ਨਰਵਾਹਨ ਦੀ ਰਾਣੀ ਕਮਲਾ ਦਾ ਪੁੱਤਰ ਲਲਿਤਾਂਗ ਕੁਮਾਰ ਸੀ। ਉਹ ਦਾਨ ਦੇਣ ਦੀ ਪ੍ਰਵਿਰਤੀ ਦਾ ਮਾਲਕ ਸੀ। ਦਾਨ ਦੇਣ ਵਿੱਚ ਖ਼ੁਸ਼ੀ ਮਹਿਸੂਸ ਕਰਦਾ ਸੀ। ਉਸ ਦਾ ਇੱਕ ਲੜਕਾ ਸੱਜਣ ਸੀ ਪਰ ਆਦਤ ਤੋਂ ਦੁਰਜਨ ਸੀ। ਇੱਕ ਵਾਰ ਰਾਜੇ ਨੇ ਖ਼ੁਸ਼ ਹੋ ਕੇ ਰਾਜਕੁਮਾਰ ਨੂੰ ਹਾਰ, ਕੁੰਡਲ ਆਦਿ ਗਹਿਣੇ ਦਿੱਤੇ। ਪਰ ਲਲਿਤਾਂਗ ਕੁਮਾਰ ਨੇ ਆਪਣੀ ਆਦਤ ਮੁਤਾਬਿਕ ਉਹ ਗਹਿਣੇ ਗਰੀਬਾਂ ਵਿੱਚ ਵੰਡ ਦਿੱਤੇ। ਸੱਜਣ ਨੇ ਰਾਜੇ ਕੋਲ ਚੁਗਲੀ ਕਰਦੇ ਹੋਏ ਕਿਹਾ ਕਿ ਜੇ ਇਸੇ ਤਰ੍ਹਾਂ ਹੁੰਦਾ ਰਿਹਾ ਤਾਂ ਰਾਜਕੁਮਾਰ ਲਲਿਤਾਂਗ ਕੁਮਾਰ ਕਿਸੇ ਦਿਨ ਖ਼ਜ਼ਾਨਾ ਖ਼ਾਲੀ ਕਰ ਦੇਵੇਗਾ। ਰਾਜੇ ਨੇ ਆਪਣੇ ਪੁੱਤਰ ਨੂੰ ਇਕੱਲੇ ਵਿੱਚ ਬੁਲਾ ਕੇ ਸਮਝਾਇਆ। ਰਾਜਕੁਮਾਰ ਲਲਿਤਾਂਗ ਕੁਮਾਰ ਨੇ ਪਿਤਾ ਦੇ ਹੁਕਮ ਨੂੰ ਧਾਰਨ ਕਰਦੇ ਹੋਏ ਦਾਨ ਦੇਣਾ ਘੱਟ ਕਰ ਦਿੱਤਾ ਪਰ ਇਸ ਤੋਂ ਰਾਜਕੁਮਾਰ ਲਲਿਤਾਂਗ ਕੁਮਾਰ ਨੂੰ ਸੰਤੁਸ਼ਟੀ ਨਾ ਹੋਈ ਅਤੇ ਲੋਕਾਂ ਵਿੱਚ ਵੀ ਅਫ਼ਵਾਹਾਂ ਫੈਲਣ ਲੱਗ ਪਈਆਂ। ਲਲਿਤਾਂਗ ਕੁਮਾਰ ਨੇ ਫਿਰ ਦਾਨ ਦੇਣਾ ਸ਼ੁਰੂ ਕਰ

ਦਿੱਤਾ। ਇਸ ਬਾਰ ਰਾਜੇ ਨੇ ਲਲਿਤਾਂਗ ਕੁਮਾਰ ਨੂੰ ਬੇਇੱਜ਼ਤ ਕਰਕੇ ਰਾਜ ਦਰਬਾਰ ਵਿੱਚ ਆਉਣ ਤੋਂ ਮਨ੍ਹਾਂ ਕਰ ਦਿੱਤਾ।

ਇਸ ਘਟਨਾ ਤੋਂ ਦੁਖੀ ਹੋ ਕੇ ਇੱਕ ਰਾਤ ਰਾਜਕੁਮਾਰ ਘੋੜੇ 'ਤੇ ਸਵਾਰ ਹੋ ਕੇ ਮਹਿਲ ਤੋਂ ਬਾਹਰ ਨਿਕਲਿਆ। ਉਸ ਨਾਲ ਉਸ ਦਾ ਨੌਕਰ ਸੱਜਣ ਵੀ ਸੀ। ਉਸ ਨੇ ਰਸਤੇ ਵਿੱਚ ਚਲਦਿਆਂ ਕਿਹਾ ਕਿ ਧਰਮ ਅਤੇ ਅਧਰਮ ਇਨ੍ਹਾਂ ਦੋਹਾਂ ਵਿੱਚੋਂ ਉੱਚਾ ਕਿਹੜਾ ਹੈ। ਲਲਿਤਾਂਗ ਕੁਮਾਰ ਨੇ ਕਿਹਾ ਕਿ ਧਰਮ ਦੀ ਸਦਾ ਜਿੱਤ ਹੁੰਦੀ ਹੈ ਅਤੇ ਅਧਰਮ ਦੀ ਸਦਾ ਹਾਰ। ਸੇਵਕ ਸੱਜਣ ਨੇ ਇਸ ਦਾ ਜਵਾਬ ਦਿੰਦੇ ਹੋਏ ਆਖਿਆ ਕਿ ਮੈਂ ਮੰਨਦਾ ਹਾਂ ਕਿ ਕਦੇ ਕਦੇ ਅਧਰਮ ਤੋਂ ਵੀ ਸੁੱਖ ਮਿਲਦਾ ਹੈ। ਜੇ ਅਜਿਹਾ ਨਾ ਹੁੰਦਾ ਤਾਂ ਤੁਹਾਡੇ ਜਿਹੇ ਧਰਮਤਾਮਾ ਦੀ ਇਹੋ ਜਿਹੀ ਹਾਲਤ ਨਾ ਹੁੰਦੀ ? ਲਲਿਤਾਂਗ ਕੁਮਾਰ ਨੇ ਉੱਤਰ ਦਿੱਤਾ ਕਿ ਅਗਲੇ ਪਿੰਡ ਦੇ ਲੋਕਾਂ ਨੂੰ ਪੁੱਛਦੇ ਹਾਂ ਕਿ ਉਹ ਕੀ ਆਖਦੇ ਹਨ ? ਸੱਜਣ ਨੇ ਕਿਹਾ ਕਿ ਜੇ ਉਹ ਆਖਣ ਕਿ ਅਧਰਮ ਦੀ ਜਿੱਤ ਹੁੰਦੀ ਹੈ ਤਾਂ ਤੁਸੀਂ ਮੈਨੂੰ ਕੀ ਦੇਵੋਗੇ ? ਲਲਿਤਾਂਗ ਕੁਮਾਰ ਨੇ ਕਿਹਾ ਕਿ ਮੈਂ ਘੋੜਾ ਆਦਿ ਸਾਰੀਆਂ ਵਸਤੂਆਂ ਤੈਨੂੰ ਦੇ ਦੇਵਾਂਗਾ ਅਤੇ ਜੀਵਨ ਭਰ ਤੇਰਾ ਨੌਕਰ ਬਣ ਕੇ ਰਹਾਂਗਾ।

ਅੱਗੇ ਜਾ ਕੇ ਪਿੰਡ ਪੁੱਜੇ। ਪਿੰਡ ਵਾਲਿਆਂ ਤੋਂ ਸਵਾਲ ਕੀਤਾ ਤਾਂ ਸਾਰੇ ਪਿੰਡ ਵਾਲਿਆਂ ਨੇ ਕਿਹਾ ਕਿ ਅੱਜਕੱਲ੍ਹ ਤਾਂ ਅਧਰਮ ਦੀ ਹੀ ਜਿੱਤ ਹੁੰਦੀ ਹੈ। ਲਲਿਤਾਂਗ ਕੁਮਾਰ ਨੇ ਆਪਣੀ ਪ੍ਰਤਿੱਗਿਆ ਅਨੁਸਾਰ ਘੋੜਾ, ਰਾਜਸੀ ਪੋਸ਼ਾਕ, ਗਹਿਣੇ ਆਦਿ ਸਭ ਵਸਤੂਆਂ ਸੇਵਕ ਨੂੰ ਦੇ ਦਿੱਤੀਆਂ ਅਤੇ ਖੁਦ ਉਸ ਦਾ ਦਾਸ ਬਣ

ਗਿਆ। ਸੱਜਣ ਬੋਲਿਆ, ''ਹੁਣ ਤਾਂ ਧਰਮ ਦੀ ਜੈ ਬੋਲਣਾ ਛੱਡ ਦੇ। ਪਰ ਲਲਿਤਾਂਗ ਕੁਮਾਰ ਆਪਣੇ ਫ਼ੈਸਲੇ 'ਤੇ ਦ੍ਰਿੜ੍ਹ ਰਿਹਾ।

ਸੱਜਣ ਬੋਲਿਆ, ਹੁਣ ਦੂਜੇ ਪਿੰਡ ਦੇ ਲੋਕਾਂ ਤੋਂ ਪੁੱਛਿਆ ਜਾਵੇ ਕਿ ਉਹ ਇਸ ਸਵਾਲ ਦਾ ਕੀ ਜਵਾਬ ਦਿੰਦੇ ਹਨ ? ਹੁਣ ਸ਼ਰਤ ਇਹ ਹੈ ਕਿ ਜੇ ਤੁਸੀਂ ਹਾਰ ਗਏ ਤਾਂ ਮੈਂ ਤੁਹਾਡੀਆਂ ਅੱਖਾਂ ਕੱਢ ਲਵਾਂਗਾ। ਲਲਿਤਾਂਗ ਕੁਮਾਰ ਨੇ ਇਹ ਸ਼ਰਤ ਵੀ ਸਵੀਕਾਰ ਕਰ ਲਈ। ਦੂਸਰੇ ਪਿੰਡ ਦੇ ਲੋਕਾਂ ਨੇ ਵੀ ਇਹੋ ਉੱਤਰ ਦਿੱਤਾ। ਉਸ ਸਮੇਂ ਵੀ ਲਲਿਤਾਂਗ ਕੁਮਾਰ ਨੇ ਆਖਿਆ, ''ਹੇ ਜੰਗਲ ਦੇ ਦੇਵਤਾਓ ! ਮੈਨੂੰ ਧਰਮ ਦਾ ਸਹਾਰਾ ਹੈ। ਇਹ ਆਖ ਕੇ ਸ਼ਰਤ ਅਨੁਸਾਰ ਉਸ ਨੇ ਛੁਰੀ ਨਾਲ ਆਪਣੀਆਂ ਦੋਵੇਂ ਅੱਖਾਂ ਬਾਹਰ ਕੱਢ ਦਿੱਤੀਆਂ। ਸੱਜਣ ਘੋੜੇ 'ਤੇ ਚੜ੍ਹ ਕੇ ਅੱਗੇ ਚਲਿਆ ਗਿਆ। ਉਸ ਸਮੇਂ ਸੂਰਜ ਛਿਪ ਚੁੱਕਾ ਸੀ। ਉਹ ਦਰਖ਼ਤ ਹੇਠਾਂ ਬੈਠਾ ਧਿਆਨ ਮਗਨ ਹੋ ਗਿਆ। ਉੱਥੇ ਭਰੰਡ ਪੰਛੀ ਆਪਸ ਵਿੱਚ ਆਖਣ ਲੱਗੇ ਇਥੋਂ ਪੂਰਬ ਦਿਸ਼ਾ ਵੱਲ ਚੰਪਾ ਨਾਂ ਦੀ ਨਗਰੀ ਹੈ। ਜਿੱਥੇ ਜਿੱਤ-ਸ਼ੱਤਰੂ ਰਾਜੇ ਦੀ ਰਾਜਕੁਮਾਰੀ ਜਨਮ ਤੋਂ ਅੰਨ੍ਹੀ ਹੈ। ਜੇ ਕੋਈ ਇਸ ਦਰਖ਼ਤ ਨਾਲ ਲਿਪਟੀ ਬੇਲ ਦਾ ਰਸ ਨਿਚੋੜ ਕੇ ਭਰੰਡ ਦੀ ਪੰਛੀ ਦੀ ਬਿੱਠ ਮਿਲਾ ਕੇ ਉਸ ਦੀਆਂ ਅੱਖਾਂ ਵਿੱਚ ਪਾਵੇ ਤਾਂ ਰਾਜਕੁਮਾਰੀ ਠੀਕ ਹੋ ਸਕਦੀ ਹੈ। ਅੱਖ ਠੀਕ ਕਰਨ ਵਾਲੇ ਨੂੰ ਅੱਧਾ ਰਾਜ ਰਾਜਾ ਦੇਵੇਗਾ ਅਤੇ ਰਾਜਕੁਮਾਰੀ ਦੀ ਸ਼ਾਦੀ ਉਸ ਨਾਲ ਕਰ ਦੇਵੇਗਾ। ਜੇ ਅੱਜ ਰਾਜਕੁਮਾਰੀ ਠੀਕ ਨਾ ਹੋਈ ਤਾਂ ਰਾਜਾ ਅਤੇ ਰਾਣੀ ਕੱਲ੍ਹ ਚਿਤਾ ਵਿੱਚ ਪ੍ਰਵੇਸ਼ ਕਰ ਜਾਣਗੇ।

ਲਲਿਤਾਂਗ ਕੁਮਾਰਹ ਨੇ ਇਹ ਸਾਰੀਆਂ ਗੱਲਾਂ ਸੁਣ ਕੇ ਬੇਲ ਨੂੰ ਕੱਟ ਦੇ ਦਵਾਈ ਤਿਆਰ ਕੀਤੀ। ਉਸ ਨੇ ਇਹ ਦਵਾਈ ਪਹਿਲਾਂ ਆਪਣੀ ਅੱਖ ਵਿੱਚ ਪਾਈ ਜਿਸ ਨਾਲ ਉਸ ਦੀ ਰੌਸ਼ਨੀ ਮੁੜ ਆਈ। ਰਾਜਕੁਮਾਰੀ ਦੀ ਅੱਖ ਵੀ ਠੀਕ ਹੋ ਗਈ। ਰਾਜੇ ਨੇ ਸ਼ਰਤ ਮੁਤਾਬਿਕ ਰਾਜਕੁਮਾਰੀ ਦਾ ਵਿਆਹ ਲਲਿਤਾਂਗ ਕੁਮਾਰ ਨਾਲ ਕਰਕੇ ਅੱਧਾ ਰਾਜ ਉਸ ਨੂੰ ਦੇ ਦਿੱਤਾ।

ਇੱਕ ਦਿਨ ਲਲਿਤਾਂਗ ਕੁਮਾਰ ਮਹਿਲ ਦੇ ਝਰੋਖੇ ਵਿੱਚ ਬੈਠਾ ਸੀ, ਉਸ ਨੇ ਸੜਕ 'ਤੇ ਇੱਕ ਅਧਰਮੀ ਸੇਵਕ ਸੱਜਣ ਨੂੰ ਬੁਰੀ ਹਾਲਤ ਵਿੱਚ ਵੇਖਿਆ। ਲਲਿਤਾਂਗ ਕੁਮਾਰ ਨੇ ਉਸ ਨੂੰ ਉੱਪਰ ਬੁਲਾਇਆ ਅਤੇ ਆਖਿਆ ਕਿ ਮੈਂ ਉਹੀ ਲਲਿਤਾਂਗ ਕੁਮਾਰ ਹਾਂ ਜਿਸ ਦੀਆਂ ਤੂੰ ਅੱਖਾਂ ਕੱਢੀਆਂ ਸਨ। ਲਲਿਤਾਂਗ ਕੁਮਾਰ ਨੇ ਉਸ ਨੂੰ ਚੰਗੇ ਕੱਪੜੇ ਦਿੱਤੇ ਅਤੇ ਉਸ ਨੂੰ ਮਹਿਲ ਵਿੱਚ ਰਹਿਣ ਲਈ ਥਾਂ ਦਿੱਤੀ। ਸੱਜਣ ਬੋਲਿਆ ਕਿ ਮੈਂ ਹੁਣ ਤੁਹਾਡੀ ਗੱਲ 'ਤੇ ਯਕੀਨ ਕਰਦਾ ਹਾਂ ਕਿ ਸੱਚਮੁੱਚ ਧਰਮ ਦੀ ਜੈ ਹੁੰਦੀ ਹੈ।

ਇੱਕ ਦਿਨ ਰਾਜਕੁਮਾਰੀ ਨੇ ਆਪਣੇ ਪਤੀ ਲਲਿਤਾਂਗ ਕੁਮਾਰ ਨੂੰ ਕਿਹਾ ਕਿ ਇਹ ਸੇਵਕ ਜਿਸ ਦਾ ਨਾਮ ਸੱਜਣ ਹੈ, ਪਰ ਇਹ ਸੁਭਾਅ ਤੋਂ ਦੁਸ਼ਟ ਹੈ। ਇਸ ਨੂੰ ਕੁਝ ਧਨ ਜਾਂ ਜ਼ਮੀਨ ਦੇ ਦਿਓ ਪਰ ਇਸ ਨੂੰ ਆਪਣੇ ਕੋਲ ਨਾ ਰੱਖੋ। ਸੁਭਾਅ ਦੇ ਨਰਮ ਹੋਣ ਕਾਰਨ ਲਲਿਤਾਂਗ ਕੁਮਾਰ ਨੇ ਉਸ ਦਾ ਸਾਥ ਨਾ ਛੱਡਿਆ।

ਇੱਕ ਦਿਨ ਲਲਿਤਾਂਗ ਕੁਮਾਰ ਦੇ ਸਹੁਰੇ ਨੇ ਸੱਜਣ ਤੋਂ ਲਲਿਤਾਂਗ ਕੁਮਾਰ ਦੀ ਜਾਤ ਆਦਿ ਬਾਰੇ ਪੁੱਛਿਆ। ਸੱਜਣ ਨੇ ਸੋਚਿਆ ਕਿ ਕਿਤੇ ਰਾਜਾ ਮੇਰੇ ਬਾਰੇ ਸ਼ੱਕ ਨਾ ਕਰੇ, ਇਸ ਲਈ

ਉਸ ਨੇ ਦੁਸ਼ਟ ਸੁਭਾਅ ਦੇ ਕਾਰਨ ਆਖਿਆ ਕਿ ਮੈਂ ਸ੍ਰੀਵਾਸਪੁਰ ਦੇ ਰਾਜਾ ਨਰਵਾਹਨ ਦਾ ਪੁੱਤਰ ਹਾਂ। ਇਹ ਮੇਰਾ ਸੇਵਕ ਸੀ। ਸੁੰਦਰ ਹੋਣ ਕਾਰਨ ਕਿਸੇ ਸਿੱਧ ਪੁਰਸ਼ ਤੋਂ ਵਿੱਦਿਆ ਸਿੱਖ ਕੇ ਇੱਥੇ ਆਇਆ ਹਾਂ। ਪਿਛਲੇ ਕਰਮਾਂ ਦੇ ਕਾਰਨ ਇਸ ਨੂੰ ਇਹ ਰਾਜ ਮਿਲ ਗਿਆ ਹੈ। ਹੁਣ ਇਸ ਨੇ ਮੈਨੂੰ ਪਛਾਣ ਲਿਆ ਹੈ ਅਤੇ ਆਪਣੇ ਭੇਦ ਨਾ ਖੁੱਲ੍ਹਣ 'ਤੇ ਡਰ ਤੋਂ ਇਹ ਮੇਰਾ ਸਤਿਕਾਰ ਕਰਦਾ ਹੈ। ਇਹ ਸੁਣ ਕੇ ਰਾਜਾ ਦੁਖੀ ਹੋ ਗਿਆ ਅਤੇ ਲਲਿਤਾਂਗ ਕੁਮਾਰ ਨੂੰ ਮਾਰਨ ਦਾ ਉਪਾਅ ਕਰਨ ਲੱਗਾ।

ਇੱਕ ਦਿਨ ਰਾਜੇ ਨੇ ਆਪਣੇ ਨੌਕਰਾਂ ਤੋਂ ਪੁੱਛਿਆ ਕਿ ਅੱਜ ਰਾਤ ਨੂੰ ਮਹਿਲ ਵਿੱਚ ਜੋ ਵੀ ਆਵੇ ਉਸ ਨੂੰ ਬਿਨਾਂ ਪੁੱਛੇ ਮਾਰ ਦੇਣਾ। ਰਾਤ ਨੂੰ ਰਾਜਾ ਨੇ ਲਲਿਤਾਂਗ ਕੁਮਾਰ ਨੂੰ ਬੁਲਾਇਆ। ਨੌਕਰਾਂ ਦੇ ਆਖਣ 'ਤੇ ਰਾਜਕੁਮਾਰ ਜਾਣ ਨੂੰ ਤਿਆਰ ਹੋਇਆ ਪਰ ਰਾਜਕੁਮਾਰੀ ਨੇ ਜਾਣ ਨਹੀਂ ਦਿੱਤਾ। ਲਲਿਤਾਂਗ ਕੁਮਾਰ ਨੇ ਸੱਜਣ ਨੂੰ ਰਾਜੇ ਦੇ ਕੋਲ ਭੇਜ ਦਿੱਤਾ। ਸੈਨਿਕਾਂ ਨੇ ਸੱਜਣ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸੁਭਾ ਨੂੰ ਲਲਿਤਾਂਗ ਕੁਮਾਰ ਤੋਂ ਰਾਜੇ ਨੂੰ ਅਸਲੀਅਤ ਦਾ ਪਤਾ ਲੱਗਾ। ਰਾਜੇ ਨੇ ਆਪਣੇ ਜਮਾਈ ਲਲਿਤਾਂਗ ਕੁਮਾਰ ਤੋਂ ਆਪਣੇ ਕੀਤੇ ਮਾੜੇ ਵਿਵਹਾਰ ਲਈ ਖ਼ਿਮਾ ਮੰਗੀ ਅਤੇ ਬਾਕੀ ਦਾ ਅੱਧਾ ਰਾਜ ਵੀ ਉਸ ਨੂੰ ਦੇ ਦਿੱਤਾ। ਰਾਜਾ ਖੁਦ ਜੰਗਲ ਵਿੱਚ ਤਪੱਸਿਆ ਕਰਨ ਚਲਿਆ ਗਿਆ। ਰਾਜਾ ਨਵਾਹਨ ਨੇ ਲਲਿਤਾਂਗ ਕੁਮਾਰ ਨੂੰ ਹੀ ਰਾਜ ਦੇ ਕੇ ਖ਼ੁਦ ਸੰਨਿਆਸ ਧਾਰਨ ਕਰ ਲਿਆ।

ਇੱਕ ਬਾਰ ਨਗਰ ਵਿੱਚ ਸਾਧੂਆਂ ਦੇ ਆਉਣ 'ਤੇ ਲਲਿਤਾਂਗ ਕੁਮਾਰ ਨੇ ਉਪਾਸਕ ਦੇ 12 ਵਰਤ ਗ੍ਰਹਿਣ ਕੀਤੇ।

ਬੁਢਾਪੇ ਵਿੱਚ ਪੁੱਤਰ ਨੂੰ ਰਾਜ ਦੇ ਕੇ ਲਲਿਤਾਂਗ ਕੁਮਾਰ ਵੀ ਸੰਨਿਆਸੀ ਹੋ ਗਿਆ।

## ਭੀਮ ਕੁਮਾਰ ਕਾਪਾਲਿਕ

ਕਮਲਪੁਰ ਨਗਰ ਦੇ ਰਾਜਾ ਹਰੀ ਵਾਹਨ ਤੇ ਰਾਣੀ ਮਦਨ ਸੁੰਦਰੀ ਸੀ। ਉਹਨਾਂ ਦਾ ਮੰਤਰੀ ਬੁੱਧੀ ਸਾਗਰ ਬਹੁਤ ਵਫ਼ਾਦਾਰ ਸੀ। ਇੱਕ ਦਿਨ ਰਾਣੀ ਨੇ ਸੁਪਨੇ ਵਿੱਚ ਸ਼ੇਰ ਨੂੰ ਪੈਰ ਚੱਟਦੇ ਦੇਖਿਆ ਅਤੇ ਇਹ ਵੀ ਦੇਖਿਆ ਕਿ ਉਹ ਪਿਆਰ ਨਾਲ ਉਸ ਦਾ ਸਿਰ ਪਲੋਸ ਰਹੀ ਹੈ। ਰਾਜੇ ਨੇ ਜੋਤਸ਼ੀ ਤੋਂ ਉਸ ਦਾ ਫ਼ਲ ਪੁੱਛਿਆ। ਜੋਤਸ਼ੀ ਨੇ ਕਿਹਾ ਕਿ ਤੁਹਾਡੇ ਘਰ ਸਰਬ ਗੁਣ ਸੰਪੰਨ, ਪਰਾਕ੍ਰਮੀ, ਅਹਿੰਸਕ ਅਤੇ ਦਿਆਲੂ ਪੁੱਤਰ ਦਾ ਜਨਮ ਹੋਵੇਗਾ। ਤੁਸੀਂ ਉਸ ਦਾ ਨਾਮ ਭੀਮ ਕੁਮਾਰ ਰੱਖਣਾ।

ਸਮਾਂ ਬੀਤਣ 'ਤੇ ਰਾਜੇ ਦੇ ਘਰ ਇੱਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਮ ਭੀਮ ਕੁਮਾਰ ਰੱਖਿਆ ਗਿਆ। ਉਸੇ ਸਮੇਂ ਮੰਤਰੀ ਦੇ ਘਰ ਵੀ ਇੱਕ ਪੁੱਤਰ ਦਾ ਜਨਮ ਹੋਇਆ ਜਿਸ ਦਾ ਨਾਮ ਮਤੀ ਸਾਗਰ ਰੱਖਿਆ ਗਿਆ। ਰਾਜਕੁਮਾਰ ਤੇ ਮੰਤਰੀ ਦੇ ਪੁੱਤਰ ਵਿੱਚ ਆਪਸੀ ਡੂੰਘੀ ਦੋਸਤੀ ਸੀ।

ਇੱਕ ਦਿਨ ਰਾਜੇ ਨੂੰ ਮਾਲੀ ਨੇ ਆ ਕੇ ਸੂਚਨਾ ਦਿੱਤੀ ਕਿ ਸ਼ਹਿਰ ਦੇ ਚੰਪਕ ਬਾਗ ਵਿੱਚ ਦੇਵ ਚੰਦਰ ਮੁਨੀ ਪਧਾਰੇ ਹਨ। ਰਾਜਾ ਇਹ ਸੁਣ ਕੇ ਖ਼ੁਸ਼ ਹੋਇਆ ਅਤੇ ਖ਼ੁਸ਼ੀ ਨਾਲ ਆਪਣੇ ਮੁਕਟ ਨੂੰ ਛੱਡ ਕੇ ਸਾਰੇ ਗਹਿਣੇ ਉਸ ਮਾਲੀ ਨੂੰ ਦੇ ਦਿੱਤੇ। ਸਾਰਾ ਪਰਿਵਾਰ ਮੁਨੀ ਦੇ ਪ੍ਰਵਚਨ ਸੁਣਨ ਲਿਆ। ਪ੍ਰਵਚਨ

ਪੂਰਾ ਹੋਣ 'ਤੇ ਰਾਜੇ ਨੇ ਮੁਨੀ ਨੂੰ ਬੇਨਤੀ ਕੀਤੀ ਕਿ ਮੈਂ ਸਾਧੂ ਬਣਨ ਵਿੱਚ ਅਸਮਰੱਥ ਹਾਂ। ਪਰ ਮੈਨੂੰ ਗ੍ਰਹਿਸਥੀ ਤੇ 12 ਵਰਤ ਦੇ ਦਿਓ। ਮੁਨੀ ਨੇ ਭੀਮ ਕੁਮਾਰ ਨੂੰ ਪ੍ਰੇਰਣਾ ਦਿੱਤੀ ਕਿ ਜ਼ਿੰਦਗੀ ਵਿੱਚ ਕਦੇ ਕਿਸੇ ਨੂੰ ਕਸ਼ਟ ਨਹੀਂ ਦੇਣਾ। ਹਮੇਸ਼ਾ ਅਹਿੰਸਕ ਰਹਿਣਾ ਅਤੇ ਸ਼ਿਕਾਰ ਨਹੀਂ ਖੇਡਣਾ।

ਇੱਕ ਦਿਨ ਭੀਮ ਕੁਮਾਰ ਮਹਿਲ ਵਿੱਚ ਬੈਠਾ ਸੀ ਤਾਂ ਇੱਕ ਕਾਪਾਲਿਕ ਨੇ ਉਸ ਨੂੰ ਆਖਿਆ ਕਿ ਮੈਂ ਭੁਵਨ ਸ਼ੋਧਣੀ ਵਿੱਦਿਆ ਸਿੱਧ ਕਰਨੀ ਚਾਹੁੰਦਾ ਹੈ, ਉਸ ਨੂੰ ਸਿੱਧ ਕਰਨ ਲਈ ਮੈਨੂੰ ਤੁਹਾਡੇ 10 ਦਿਨ ਲਈ ਸਹਿਯੋਗ ਚਾਹੀਦਾ ਹੈ। ਰਾਜਕੁਮਾਰ ਨੇ ਹਾਮੀ ਭਰ ਦਿੱਤੀ। ਮੰਤਰੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਰਾਜਕੁਮਾਰ ਨੂੰ ਆਖਿਆ ਕਿ ਇਹ ਕਾਪਾਲਿਕ ਦੁਸ਼ਟ ਹੈ, ਇਸ ਦਾ ਸਾਥ ਨਹੀਂ ਦੇਣਾ ਚਾਹੀਦਾ। ਪਰ ਰਾਜਕੁਮਾਰ ਭੀਮ ਕੁਮਾਰ ਨੇ ਕਿਹਾ ਕਿ ਮੈਂ ਹੁਣ ਉਸ ਨੂੰ ਵਚਨ ਦੇ ਚੁੱਕਾ ਹਾਂ। ਇਸ ਲਈ ਮੈਨੂੰ ਜਾਣਾ ਪਵੇਗਾ। ਹਨ੍ਹੇਰ ਪੱਖ ਦੀ ਚੌਦਸ ਨੂੰ ਕਾਪਾਲਿਕ ਰਾਜਕੁਮਾਰ ਭੀਮ ਨੂੰ ਨਾਲ ਲੈ ਕੇ ਚਲਿਆ ਗਿਆ। ਉੱਥੇ ਜਾ ਕੇ ਉਸ ਨੇ ਭੀਮ ਕੁਮਾਰ ਨੂੰ ਵੀਰ ਭੇਖ ਧਾਰਨ ਕਰਵਾਇਆ ਅਤੇ ਕੁਝ ਮੰਤਰ ਪੜ੍ਹਨ ਤੋਂ ਬਾਅਦ ਉਸ ਨੇ ਭੀਮ ਕੁਮਾਰ ਦੀ ਚੋਟੀ (ਬੋਦੀ) ਬੰਨ੍ਹਣ ਲੱਗਾ। ਰਾਜਕੁਮਾਰ ਭੀਮ ਨੇ ਪੁੱਛਿਆ ਕਿ ਤੁਸੀਂ ਤੇਰੀ ਚੋਟੀ ਕਿਉਂ ਬੰਨ੍ਹ ਰਹੇ ਹੋ ਤਾਂ ਉਸ ਨੇ ਕਿਹਾ ਕਿ ਮੈਂ ਤੇਰੀ ਬਲੀ ਦੇਣੀ ਚਾਹੁੰਦਾ ਹਾਂ। ਭੀਮ ਕੁਮਾਰ ਨੇ ਮਿਆਨ ਵਿੱਚੋਂ ਤਲਵਾਰ ਕੱਢੀ ਤੇ ਬੋਲਿਆ ਕਿ ਧਰਮ ਦੇ ਪ੍ਰਭਾਵ ਤੋਂ ਤੂੰ ਮੇਰਾ ਕੁਝ ਨਹੀਂ ਵਿਗਾੜ ਸਕਦਾ। ਕਾਪਾਲਿਕ ਨੇ ਅੱਖਾਂ ਲਾਲ ਕਰਦਿਆਂ ਕਿਾ ਕਿ ਦੇਖਦਾਂ ਹਾਂ ਕਿ ਤੈਨੂੰ ਇਸ

ਸ਼ਮਸ਼ਾਨ ਵਿੱਚ ਕੌਣ ਬਚਾ ਸਕਦਾ ਹੈ, ਮੈਂ ਤੇਰਾ ਸਿਰ ਕੱਟਾਂਗਾ, ਤੈਨੂੰ ਮੇਰੀ ਸ਼ਕਤੀ ਦਾ ਗਿਆਨ ਨਹੀਂ ਹੈ। ਕਾਪਾਲਿਕ ਨੇ ਤਲਵਾਰ ਨਾਲ ਵਾਰ ਕੀਤਾ, ਭੀਮ ਕੁਮਾਰ ਫੁਰਤੀ ਨਾਲ ਕਾਪਾਲਿਕ ਦੇ ਮੋਢੇ 'ਤੇ ਚੜ੍ਹ ਗਿਆ। ਕਾਪਾਲਿਕ ਨੇ ਉਸ ਦੇ ਪੈਰ ਫੜ ਕੇ ਭੀਮ ਕੁਮਾਰ ਨੂੰ ਆਕਾਸ਼ ਵਿੱਚ ਉਛਾਲ ਦਿੱਤਾ। ਉਸੇ ਸਮੇਂ ਕਮਲਾ ਯਕਸ਼ਨੀ ਨੇ ਉਸ ਨੂੰ ਬਚਾਅ ਲਿਆ ਅਤੇ ਉਸ ਨੂੰ ਵਿੰਦਿਆਚਲ ਪਰਬਤ 'ਤੇ ਲੈ ਗਈ। ਯਕਸ਼ਨੀ ਨੇ ਭੀਮ ਕੁਮਾਰ ਨੂੰ ਕਿਹਾ ਕਿ ਮੈਂ ਤੈਨੂੰ ਬਚਾਇਆ ਹੈ, ਇਸ ਲਈ ਤੂੰ ਮੇਰੀ ਵਾਸਨਾ ਪੂਰੀ ਕਰ। ਭੀਮ ਕੁਮਾਰ ਨੇ ਕਿਹਾ ਕਿ ਤੁਸੀਂ ਮੇਰੀ ਮਾਂ ਸਮਾਨ ਹੋ, ਮੈਂ ਅਜਿਹਾ ਸੁਪਨੇ ਵਿੱਚ ਨਹੀਂ ਸੋਚ ਸਕਦਾ। ਦੇਵੀ ਉਸ ਦੀ ਦ੍ਰਿੜ੍ਹਤਾ ਦੇਖ ਕੇ ਖ਼ੁਸ਼ ਹੋ ਗਈ ਅਤੇ ਉਸ ਨੂੰ ਵਰਦਾਨ ਮੰਗਣ ਲਈ ਕਿਹਾ। ਭੀਮ ਕੁਮਾਰ ਨੇ ਕਿਹਾ ਕਿ ਮੈਨੂੰ ਤੁਹਾਡਾ ਆਸ਼ੀਰਵਾਦ ਚਾਹੀਦਾ ਹੈ ਤਾਂ ਦੇਵੀ ਨੇ ਉਸ ਨੂੰ ਸਦਾ ਅਜਿੱਤ ਰਹਿਣ ਦਾ ਆਸ਼ੀਰਵਾਦ ਦਿੱਤਾ।

ਵਿੰਦਿਆਚਲ ਪਰਬਤ 'ਤੇ ਭੀਮ ਕੁਮਾਰ ਨੂੰ ਧਾਰਮਿਕ ਸ਼ਾਸਤਰਾਂ ਦੇ ਸ਼ਬਦ ਸੁਣਾਈ ਦੇਣ ਲੱਗੇ। ਲੱਭਦੇ ਲੱਭਦੇ ਉਹ ਸਵਾਧਿਆਇ ਵਿੱਚ ਲੀਣ ਮੁਨੀ ਦੇ ਕੋਲ ਗਿਆ ਅਤੇ ਉਹਨਾਂ ਦਾ ਉਪਦੇਸ਼ ਸੁਣਨ ਲੱਗਾ। ਉਸੇ ਸਮੇਂ ਭੀਮ ਕੁਮਾਰ ਦੇ ਸਾਹਮਣੇ ਕਾਪਾਲਿਕ ਦਾ ਸੱਜਾ ਹੱਥ ਆਇਆ ਅਤੇ ਭੀਮ ਕੁਮਾਰ ਨੂੰ ਖਿੱਚਣ ਲੱਗਾ। ਭੀਮ ਕੁਮਾਰ ਉਸ ਹੱਥ 'ਤੇ ਬੈਠ ਗਿਆ। ਉਹ ਹੱਥ ਉਸ ਨੂੰ ਕਾਲਕਾ ਮਾਤਾ ਦੇ ਮੰਦਿਰ ਵਿਖੇ ਲੈ ਗਿਆ। ਮਾਤਾ ਦੀ ਮੂਰਤੀ ਦੇ ਗਲ ਵਿੱਚ ਸਿਰ ਮੁੰਡਾਂ ਦੀ ਮਾਲਾ ਪਾਈ ਹੋਈ ਸੀ। ਕਾਪਾਲਿਕ ਨੇ ਦੂਸਰੇ ਹੱਥ ਤੋਂ ਮਤੀ ਸਾਗਰ ਨੂੰ ਫੜ

ਰੱਖਿਆ ਸੀ। ਕਾਪਾਲਿਕ ਨੇ ਮਤੀ ਸਾਗਰ ਨੂੰ ਕਿਹਾ ਕਿ ਮੈਂ ਤੇਰੀ ਬਲੀ ਦੇਵਾਂਗਾ। ਮਤੀ ਸਾਗਰ ਨੇ ਕਿਹਾ ਕਿ ਮੈਨੂੰ ਜਿਨੇਸ਼ਵਰ ਭਗਵਾਨ ਦੀ ਸ਼ਰਨ ਹੈ। ਇੰਨਾ ਆਖ ਕੇ ਉਹ ਧਿਆਨ ਵਿੱਚ ਲੀਣ ਹੋ ਗਿਆ। ਭੀਮ ਕੁਮਾਰ ਮਤੀ ਸਾਗਰ ਦੀ ਗੱਲ ਸੁਣ ਕੇ ਉਸ ਕੋਲ ਆਇਆ ਅਤੇ ਉਹ ਮਤੀ ਸਾਗਰ ਕੋਲ ਗਿਆ। ਭੀਮ ਕੁਮਾਰ ਨੇ ਮਤੀ ਸਾਗਰ ਨੂੰ ਪੁੱਛਿਆ ਕਿ ਤੂੰ ਇੱਥੇ ਕਿਵੇਂ ਆਇਆ ਹੈਂ। ਮਤੀ ਸਾਗਰ ਨੇ ਉੱਤਰ ਦਿੱਤਾ ਕਿ ਤੈਨੂੰ ਘਰ ਵਿੱਚ ਨਾ ਦੇਖ ਕੇ ਰਾਜਾ ਰਾਣੀ ਅਤੇ ਤੇਰੀ ਪਤਨੀ ਦੁਖੀ ਹੋ ਗਏ ਸਨ। ਹਨ੍ਹੇਰ ਪੱਖ ਦੀ ਚੌਦਸ ਨੂੰ ਕੁਲ ਦੇਵੀ ਨੇ ਪ੍ਰਗਟ ਹੋ ਕੇ ਦੱਸਿਆ ਕਿ ਭੀਮ ਕੁਮਾਰ ਨੂੰ ਕਾਪਾਲਿਕ ਲੈ ਗਿਆ ਹੈ। ਦੇਵੀ ਦੀ ਗੱਲ ਸੁਣ ਕੇ ਮੈਂ ਤੁਹਾਡੀ ਖੋਜ ਕਰਦਾ ਕਰਦਾ ਇੱਧਰ ਆਇਆ ਅਤੇ ਮੈਂ ਵੀ ਕਾਪਾਲਿਕ ਦੇ ਚੁੰਗਲ ਵਿੱਚ ਫ਼ਸ ਲਿਆ। ਉਸੇ ਸਮੇਂ ਦੇਵੀ ਪ੍ਰਗਟ ਹੋਈ ਅਤੇ ਆਖਣ ਲੱਗੀ ਕਿ ਇਸ ਕਾਪਾਲਿਕ ਨੇ 107 ਬਲੀਆਂ ਦਿੱਤੀਆਂ ਹਨ। ਇੱਕ ਬਲੀ ਬਾਕੀ ਹੈ, ਮਤੀ ਸਾਗਰ ਦੀ ਬਲੀ ਦੇਣ ਨਾਲ ਉਸ ਦੀ ਮਨੋਕਾਮਨਾ ਪੂਰੀ ਹੋ ਜਾਵੇਗੀ। ਰਾਜਕੁਮਾਰ ਭੀਮ ਨੇ ਨਿਮਰਤਾ ਨਾਲ ਦੇਵੀ ਨੂੰ ਕਿਹਾ ਕਿ ਤੁਸੀਂ ਜਗਤ ਮਾਤਾ ਹੋ। ਤੁਹਾਨੂੰ ਬਲੀ ਰੂਪੀ ਹਿੰਸਾ ਛੱਡ ਦੇਣੀ ਚਾਹੀਦੀ ਹੈ। ਭੀਮ ਕੁਮਾਰ ਦੀ ਪ੍ਰੇਰਨਾ ਨਾਲ ਦੇਵੀ ਨੇ ਅਹਿੰਸਾ ਦੀ ਸ਼ਰਨ ਸਵੀਕਾਰ ਕਰ ਲਈ। ਕਾਪਾਲਿਕ ਵੀ ਅਹਿੰਸਕ ਬਣ ਗਿਆ ਅਤੇ ਭੀਮ ਕੁਮਾਰ ਦੀ ਸ਼ਰਨ ਗ੍ਰਹਿਣ ਕੀਤੀ।

ਭੀਮ ਕੁਮਾਰ ਨੇ ਹੇਮ ਰਥ ਨੂੰ ਕਸ਼ਟ ਤੋਂ ਬਚਾਇਆ ਅਤੇ ਉਸ ਦੀ ਪੁੱਤਰੀ ਮਦਾਲਸਾ ਨਾਲ ਵਿਆਹ ਕੀਤਾ। ਉਸ ਸਮੇਜ

ਦੇਵੀ ਕਾਲੀ ਪ੍ਰਗਟ ਹੋਈ ਅਤੇ ਉਸ ਨੂੰ ਨੌ ਲੱਖਾ ਹਾਰ ਦਿੰਦਿਆਂ ਆਖਿਆ ਕਿ ਇਸ ਹਾਰ ਦੇ ਅਸਰ ਨਾਲ ਤੂੰ ਤਿੰਨ ਖੰਡਾਂ ਦਾ ਰਾਜ ਪ੍ਰਾਪਤ ਕਰੇਂਗਾ। ਦੇਵੀ ਨੇ ਭੀਮ ਕੁਮਾਰ ਨੂੰ ਕਮਲਪੁਰ ਪਹੁੰਚਾ ਦਿੱਤਾ।

ਅੰਤ ਵਿੱਚ ਭੀਮ ਕੁਮਾਰ ਨੇ ਮੁਨੀ ਖ਼ਿਮਾ ਸਾਗਰ ਤੋਂ ਸਾਧੂ ਜੀਵਨ ਗ੍ਰਹਿਣ ਕੀਤਾ ਅਤੇ ਕੇਵਲ ਗਿਆਨ ਪ੍ਰਾਪਤ ਕਰਕੇ ਮੋਕਸ਼ ਦੀ ਪ੍ਰਾਪਤੀ ਕੀਤੀ।

## ਧੰਮਿਲ

ਕੁਸੁਮਪੁਰ ਨਗਰ ਵਿੱਚ ਸੁਰਿੰਦਰ ਦੱਤ ਨਾਂਅ ਦਾ ਵਪਾਰੀ ਆਪਣੀ ਪਤਨੀ ਸੁਭੱਦਰਾ ਨਾਲ ਰਹਿੰਦਾ ਸੀ। ਉਸ ਦੇ ਇੱਕ ਪੁੱਤਰ ਪੈਦਾ ਹੋਇਆ। ਉਸ ਦੇ ਗਰਭ ਵਿੱਚ ਆਉਣ ਨਾਲ ਉਸ ਮਾਤਾ ਦੀ ਧਾਰਮਿਕ ਭਾਵਨਾ ਵਿੱਚ ਵਾਧਾ ਹੋਣ ਲੱਗਾ। ਇਸ ਲਈ ਉਸ ਦਾ ਨਾਂਅ ਧੰਮਮਿਲ ਰੱਖਿਆ ਗਿਆ। ਸਮਾਂ ਪੈਣ ਨਾਲ ਉਸ ਨੇ ਪੁਰਸ਼ ਦੀਆਂ 72 ਕਲਾਵਾਂ ਦੀ ਵਿੱਦਿਆ ਹਾਸਲ ਕੀਤੀ। ਜਵਾਨ ਹੋਣ ’ਤੇ ਉਸ ਦੇ ਮਾਤਾ ਪਿਤਾ ਨੇ ਉਸੇ ਨਗਰ ਵਿੱਚ ਧਨ ਵਸੂ ਨਾਂਅ ਦੇ ਵਪਾਰੀ ਅਤੇ ਧਨ ਦਿੱਤਾ ਦੀ ਪੁੱਤਰੀ ਯਸ਼ੋਮਤੀ ਨਾਲ ਉਸ ਦੀ ਸ਼ਾਦੀ ਕਰ ਦਿੱਤੀ।

ਵਿਆਹ ਹੋਣ ਦੇ ਬਾਵਜੂਦ ਵੀ ਉਹ ਕਾਮ ਭੋਗਾਂ ਵਿੱਚ ਨਹੀਂ ਲੱਗਿਆ। ਰਾਤ ਦੇ ਸਮੇਂ ਉਹ ਪੜ੍ਹਨ ਲਿਖਣ ਵਿੱਚ ਮਗਨ ਰਹਿੰਦਾ ਸੀ। ਉਸ ਦੀ ਮਾਂ ਨੇ ਕੋਸ਼ਿਸ਼ ਕੀਤੀ ਕਿ ਉਹ ਆਪਣੀ ਪਤਨੀ ਵੱਲ ਧਿਆਨ ਦੇਵੇ ਪਰ ਉਹ ਸਫ਼ਲ ਨਾ ਹੋ ਸਕੀ।

ਇੱਕ ਵਾਰ ਧੰਮਿਲ ਦੀ ਸੱਸ ਆਪਣੀ ਪੁੱਤਰੀ ਨੂੰ ਮਿਲਣ ਲਈ ਉਸ ਦੇ ਸਹੁਰੇ ਘਰ ਆਈ। ਉਸ ਦਾ ਆਦਰ ਸਤਿਕਾਰ ਕੀਤਾ ਗਿਆ। ਉਸ ਨੇ ਇਕੱਲੇ ਵਿੱਚ ਆਪਣੀ ਪੁੱਤਰੀ ਦੀ ਸੁੱਖ-ਸਾਂਦ ਪੁੱਛੀ ਤਾਂ ਪੁੱਤਰੀ ਨੇ ਆਪਣੀ ਮਾਂ ਨੂੰ ਸਾਰੀ ਗੱਲ ਖੋਲ੍ਹ ਕੇ ਦੱਸੀ ਅਤੇ ਪਤੀ ਦੀ ਧਰਮ ਪ੍ਰਤੀ ਵਿਰਕਤੀ ਦੀ ਗੱਲ ਵੀ ਦੱਸ ਦਿੱਤੀ। ਇਹ ਸੁਣ ਕੇ ਉਸ ਦੀ ਸੱਸ ਬਹੁਤ ਗੁੱਸੇ ਹੋਈ ਅਤੇ ਉਸ ਨੇ ਧੰਮਿਲ ਦੀ ਮਾਂ ਨਾਲ ਗੱਲ ਕੀਤੀ। ਉਸ ਦੇ ਗੁੱਸੇ ਨੂੰ ਵੇਖ ਕੇ ਧੰਮਿਲ ਦੀ ਮਾਂ ਵੀ ਕੰਬ ਗਈ। ਉਸ ਨੇ ਆਪਣੀਆਂ ਅੱਖਾਂ ਵਿੱਚ ਹੰਝੂ ਭਰਦੇ ਹੋਏ ਧੰਮਿਲ ਦੀ ਸੱਸ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਪਣੇ ਪੁੱਤਰ ਨੂੰ ਸਮਝਾਏਗਾ। ਧੰਮਿਲ ਦੀ ਮਾਂ ਵੱਲੋਂ ਇਹ ਯਕੀਨ ਦਿਵਾਉਣ ਤੋਂ ਬਾਅਦ ਧੰਮਿਲ ਦੀ ਸੱਸ ਵਾਪਸ ਚਲੀ ਗਈ। ਧੰਮਿਲ ਦੀ ਮਾਂ ਨੇ ਜਦੋਂ ਆਪਣੇ ਪਤੀ ਤੋਂ ਇਸ ਦੇ ਹਵਾਲੇ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਜਦ ਤੱਕ ਪੁੱਤਰ ਦਾ ਮਨ ਸਿੱਖਿਆ ਵਿੱਚ ਲੱਗਾ ਹੈ, ਇਹ ਸਾਡੇ ਲਈ ਖ਼ੁਸ਼ੀ ਦੀ ਗੱਲ ਹੈ। ਵਿਆਕਰਣ ਆਦਿ ਨਵੀਆਂ ਵਿੱਦਿਆਵਾਂ ਵਿੱਚ ਸਥਿਰ ਕਰਨ ਲਈ ਉਸ ਦਾ ਪੜ੍ਹਨਾ ਲਿਖਣਾ ਜ਼ਰੂਰੀ ਹੈ। ਭੋਗਾਂ ਦੇ ਪ੍ਰਤੀ ਖਿੱਚ ਪੈਦਾ ਕਰਨ ਲਈ ਉਸ ਦੀ ਮਾਂ ਨੇ ਧੰਮਿਲ ਲਲਿਤ ਗੋਸ਼ਟੀ ਵਿੱਚ ਸ਼ਾਮਲ ਕਰ ਦਿੱਤਾ। ਲਲਿਤ ਗੋਸ਼ਟੀ ਵਿੱਚ ਸ਼ਾਮਲ ਹੋ ਕੇ ਉਹ ਬਾਗ਼ ਆਦਿ ਵਿੱਚ ਘੁੰਮ ਕੇ ਸਮਾਂ ਬਿਤਾਉਣ ਲੱਗਾ।

ਧੰਮਿਲ ਇੱਕ ਬਾਰ ਰਾਜਾ ਦੇ ਕੋਲ ਬਸੰਤ ਸੈਨਾ ਗਣਿਕਾ ਦੀ ਪੁੱਤਰੀ ਬਸੰਤ ਤਿਲਕਾ ਦਾ ਪਹਿਲਾ ਨਾਚ ਵੇਖਣ ਗਿਆ। ਉਹ ਉਸ 'ਤੇ ਮੋਹਿਤ ਹੋ ਗਿਆ। ਉਹ ਗਣਿਕਾ ਦੇ

ਕੋਲ ਗਿਆ ਅਤੇ ਉੱਥੇ ਹੀ ਰਹਿਣ ਲੱਗ ਪਿਆ। ਉਸ ਦੇ ਮਾਤਾ ਪਿਤਾ ਹਰ ਰੋਜ਼ 500 ਸਵਰਨ ਮੋਹਰਾਂ ਬਸੰਤ ਯੈਨਾ ਗਣਿਕਾ ਕੋਲ ਭੇਜਦੇ ਸਨ। ਹੌਲੀ-ਹੌਲੀ ਉਨ੍ਹਾਂ ਦੀ ਸੰਪਤੀ ਖ਼ਤਮ ਹੋਣ ਲੱਗੀ। ਯਸ਼ੋਮਤੀ ਘਰ ਨੂੰ ਵੇਚ ਕੇ ਆਪਣੇ ਪੇਕੇ ਘਰ ਆ ਗਈ। ਉਸ ਨੇ ਆਪਣੇ ਗਹਿਣੇ ਵੀ ਗਣਿਕਾ ਦੇ ਘਰ ਭੇਜ ਦਿੱਤੇ। ਜਦ ਬਸੰਤ ਸੈਨਾ ਨੇ ਗਹਿਣਿਆਂ ਬਾਰੇ ਪੁੱਛਿਆ ਕਿ ਇਹ ਗਹਿਣੇ ਕਿਸ ਦੇ ਹਨ ਤਾ ਦਾਸੀ ਨੇ ਕਿਹਾ ਕਿ ਧੰਮਮਿਲ ਦੀ ਪਤਨੀ ਨੇ ਭੇਜੇ ਹਨ। ਵੇਸ਼ਿਆ ਨੇ ਵਿਚਾਰ ਕੀਤਾ ਕਿ ਹੁਣ ਇਨ੍ਹਾਂ ਕੋਲ ਇੰਨਾ ਹੀ ਧਨ ਹੈ। ਬਸੰਤ ਸੈਨਾ ਨੇ ਆਪਣੀ ਪੁੱਤਰੀ ਬਸੰਤ ਤਿਲਕਾ ਨੂੰ ਕਿਹਾ ਕਿ ਹੁਣ ਧੰਮਮਿਲ ਦੀ ਸੰਪਤੀ ਖ਼ਤਮ ਹੋ ਗਈ ਹੈ। ਇਸ ਨਾਲ ਸਬੰਧ ਰੱਖਣਾ ਠੀਕ ਨਹੀਂ। ਪੁੱਤਰੀ ਨੇ ਕਿਹਾ ਕਿ ਮੈਨੂੰ ਧਨ ਨਾਲ ਕੋਈ ਮਤਲਬ ਨਹੀਂ ਹੈ। ਮੈਂ ਉਸ ਦੇ ਗੁਣਾਂ ਤੋਂ ਪ੍ਰਭਾਵਿਤ ਹੈ, ਜੇ ਉਹ ਮੈਨੂੰ ਜ਼ਿੰਦਾ ਵੇਖਣਾ ਚਾਹੁੰਦੀ ਹੈ ਤਾਂ ਭਵਿੱਖ ਵਿੱਚ ਧੰਮਮਿਲ ਦੇ ਬਾਰੇ ਕੁਝ ਨੀਂ ਕਹਿਣਾ। ਉਸ ਦੇ ਵਿਯੋਗ ਵਿੱਚ ਮੇਰਾ ਜਿਉਣਾ ਅਸੰਭਵ ਹੈ। ਗਣਿਕਾ ਨੇ ਆਪਣੀ ਪੁੱਤਰੀ ਨੂੰ ਸਮਝਾਉਣ ਦੇ ਲੱਗ ਯਤਨ ਕੀਤੇ ਪਰ ਉਸ ਦੀ ਲੜਕੀ ਆਪਣੇ ਵਿਚਾਰਾਂ ਦੇ ਅਡਿੱਗ ਰਹੀ। ਬਸੰਤ ਤਿਲਕਾ ਨੇ ਆਪਣੀ ਮਾਂ ਨੂੰ ਆਖਿਆ ਕਿ ਤੁਸੀਂ ਕ੍ਰਿਤਘਣ ਹੋ। ਜਦ ਤੱਕ ਧਨ ਮਿਲ ਰਿਹਾ ਸੀ ਤਦ ਤੱਕ ਠੀਕ ਸੀ। ਹੁਣ ਉਸ ਦੀ ਸੰਪਤੀ ਖ਼ਤਮ ਹੋਣ 'ਤੇ ਤੁਹਾਨੂੰ ਧੰਮਮਿਲ ਚੰਗਾ ਨਹੀਂ ਲੱਗ ਰਿਹਾ। ਬਸੰਤ ਸੈਨਾ ਨੇ ਸੋਚਿਆ ਕਿ ਮੇਰੀ ਪੁੱਤਰੀ ਧੰਮਮਿਲ 'ਤੇ ਬਹੁਤ ਮੋਹਿਤ ਹੈ। ਇਸ ਲਈ ਕੋਈ ਹੋਰ ਉਪਾਅ ਕਰਨਾ ਚਾਹੀਦਾ ਹੈ।

ਇੱਕ ਦਿਨ ਗਣਿਕਾ ਨੇ ਬਸੰਤ ਤਿਲਕਾ ਦੀਆਂ ਸਾਰੀਆਂ ਸਹੇਲੀਆਂ ਅਤੇ ਰਿਸ਼ਤੇਦਾਰਾਂ ਨੂੰ ਬੁਲਾਇਆ। ਧੰਮਮਿਲ ਵੀ ਸਾਰੇ ਗਹਿਣਿਆਂ ਨਾਲ ਸ਼ਿੰਗਾਰ ਕਰਕੇ ਉਨ੍ਹਾਂ ਵਿੱਚ ਹਾਜ਼ਰ ਹੋਇਆ। ਬਸੰਤ ਤਿਲਕਾ ਅਤੇ ਉਸ ਦੀਆਂ ਸਹੇਲੀਆਂ ਦੇ ਨਾਲ ਧੰਮਮਿਲ ਨੇ ਬਹੁਤ ਸ਼ਰਾਬ ਪੀਤੀ। ਸ਼ਰਾਬ ਦੀ ਬਹੁਤਾਤ ਤੋਂ ਧੰਮਮਿਲ ਬੇਹੋਸ਼ ਹੋ ਗਿਆ। ਬਸੰਤ ਸੈਨਾ ਨੇ ਉਸ ਨੂੰ ਇੱਕ ਕੱਪੜੇ ਵਿੱਚ ਬੰਨ੍ਹ ਕੇ ਪਿੰਡ ਤੋਂ ਬਾਹਰ ਦੂਰ ਛੱਡ ਦਿੱਤਾ। ਸਵੇਰੇ ਠੰਢੀ ਹਵਾ ਦੇ ਨਾਲ ਧੰਮਮਿਲ ਨੂੰ ਹੋਸ਼ ਆਈ। ਧੰਮਮਿਲ ਦਾ ਮਨ ਨਫ਼ਰਤ ਨਾਲ ਭਰ ਗਿਆ। ਉਹ ਉੱਥੋਂ ਉੱਠਿਆ ਅਤੇ ਲੋਕਾਂ ਨੂੰ ਪੁੱਛਦਾ ਪੁੱਛਦਾ ਆਪਣੇ ਘਰ ਪਹੁੰਚ ਗਿਆ। ਉੱਥੇ ਉਸ ਨੇ ਦੁਆਰਪਾਲ ਤੋਂ ਪੁੱਛਿਆ ਕਿ ਇਹ ਕਿਸ ਦਾ ਘਰ ਹੈ। ਦੁਆਰਪਾਲ ਨੇ ਕਿਹਾ ਕਿ ਤੈਨੂੰ ਇਸ ਘਰ ਤੋਂ ਕੀ ਮਤਲਬ। ਧੰਮਮਿਲ ਨੇ ਆਖਿਆ ਕਿ ਮੈਨੂੰ ਧੰਮਮਿਲ ਦੇ ਘਰ ਤੋਂ ਮਤਲਬ ਹੈ। ਦੁਆਰਪਾਲ ਨੇ ਪੁੱਛਿਆ ਕਿ ਧੰਮਮਿਲ ਦੇ ਮਾਤਾ ਪਿਤਾ ਗ਼ਮ ਵਿੱਚ ਮਰ ਗਏ ਸਨ। ਪਤਨੀ ਪੇਕੇ ਚਲੀ ਗਈ ਅਤੇ ਧੰਮਮਿਲ ਗਣਿਕਾ ਦੇ ਘਰ ਹੈ। ਉਸ ਦੀ ਸਾਰੀ ਸੰਪਤੀ ਖ਼ਤਮ ਹੋ ਗਈ ਹੈ। ਇਹ ਗੱਲ ਸੁਣ ਕੇ ਧੰਮਮਿਲ ਦਾ ਮਨ ਬਹੁਤ ਦੁਖੀ ਹੋਇਆ ਅਤੇ ਉਹ ਜ਼ਮੀਨ ’ਤੇ ਡਿੱਗ ਪਿਆ। ਕੁਝ ਦੇਰ ਬਾਅਦ ਉੱਠ ਕੇ ਉਸ ਨੇ ਸੋਚਿਆ ਕਿ ਮਾਤਾ ਪਿਤਾ ਦੇ ਵਿਯੋਗ ਹੋਣ ’ਤੇ ਅਤੇ ਸੰਪਤੀ ਦੇ ਨਸ਼ਟ ਹੋਣ ’ਤੇ ਹੁਣ ਜਿਉਣ ਦਾ ਕੀ ਫਾਇਦਾ। ਉਹ ਉੱਥੋਂ ਉੱਠ ਕੇ ਸ਼ਹਿਰ ਵਿੱਚ ਆਇਆ। ਧੰਮਮਿਲ ਨੇ ਮਰਨ ਲਈ ਕਈ ਉਪਾਅ ਕੀਤੇ ਪਰ ਕਾਮਯਾਬ ਨਹੀਂ ਹੋਇਆ।

ਦੂਸਰੇ ਦਿਨ ਬਸੰਤ ਤਿਲਕਾ ਜਦੋਂ ਉੱਠੀ ਤਾਂ ਉਸ ਨੇ ਧੰਮਮਿਲ ਨੂੰ ਨਹੀਂ ਵੇਖਿਆ। ਉਸ ਨੇ ਆਪਣੀ ਮਾਂ ਨੂੰ ਪੁੱਛਿਆ ਕਿ ਧੰਮਮਿਲ ਕਿੱਥੇ ਹੈ। ਮਾਂ ਨੇ ਆਖਿਆ ਕਿ ਮੈਨੂੰ ਨਹੀਂ ਪਤਾ ਕਿ ਧੰਮਮਿਲ ਕਿੱਥੇ ਗਿਆ। ਬਸੰਤ ਤਿਲਕਾ ਨੇ ਜਾਣ ਲਿਆ ਕਿ ਮੇਰੀ ਮਾਂ ਨੇ ਇਸੇ ਲਈ ਇਹ ਸਮਾਗਮ ਕਰਕੇ ਮੇਰੀਆਂ ਸਹੇਲੀਆਂ ਨੂੰ ਬੁਲਾਇਆ ਸੀ। ਉਸ ਨੇ ਪ੍ਰਤਿੱਗਿਆ ਕਰਦੇ ਹੋਏ ਆਖਿਆ ਕਿ ਇਹ ਮੇਰਾ ਵੀਹਣੀ ਬੰਧ ਮੇਰਾ ਪਿਆਰਾ ਧੰਮਮਿਲ ਹੀ ਖੋਲ੍ਹੇਗਾ। ਇਹ ਆਖ ਕੇ ਉਸ ਨੇ ਸਾਰੇ ਗਹਿਣੇ ਉਤਾਰ ਦਿੱਤੇ ਅਤੇ ਫਟੇ ਪੁਰਾਣੇ ਕੱਪੜੇ ਪਾ ਕੇ ਥੋੜ੍ਹੇ ਜਿਹੇ ਭੋਜਨ ਨਾਲ ਹੀ ਜ਼ਿੰਦਗੀ ਗੁਜ਼ਾਰਨ ਲੱਗੀ। ਵਿਛੋੜੇ ਵਿੱਚ ਉਹ ਬਹੁਤ ਕਮਜ਼ੋਰ ਹੋ ਗਈ।

ਧੰਮਮਿਲ ਉੱਥੋਂ ਉੱਠ ਕੇ ਕਿਸੇ ਉੱਜੜੇ ਹੋਏ ਬਾਗ ਵਿੱਚ ਘੁੰਮਣ ਲੱਗਾ। ਉੱਥੇ ਉਸ ਨੂੰ ਅਗੜ ਦੱਤ ਮੁਨੀ ਦੇ ਦਰਸ਼ਨ ਹੋਏ। ਮੁਨੀ ਨੇ ਪੁੱਛਿਆ ਕਿ ਧੰਮਮਿਲ ਤੁਸੀਂ ਅਗਿਆਨੀ ਵਿਅਕਤੀ ਦੀ ਤਰ੍ਹਾਂ ਆਤਮ ਹੱਤਿਆ ਦੀ ਕੋਸ਼ਿਸ਼ ਕਿਉਂ ਕਰ ਰਹੇ ਸੀ ਤਾਂ ਧੰਮਮਿਲ ਨੇ ਆਖਿਆ ਕਿ ਮੈਂ ਪਿਛਲੇ ਜਨਮ ਵਿੱਚ ਧਰਮ ਕਰਮ ਨੀਂ ਕੀਤਾ, ਇਸੇ ਕਰਕੇ ਮੈਨੂੰ ਇੰਨਾ ਦੁੱਖ ਝੱਲਣਾ ਪੈ ਗਿਆ। ਅਗੜ ਦੱਤ ਮੁਨੀ ਨੇ ਕਿਹਾ ਕਿ ਮੈਂ ਵੀ ਜ਼ਿੰਦਗੀ ਵਿੱਚ ਅਨੇਕਾ ਦੁੱਖ ਦੇਖੇ ਹਨ। ਮੈਂ ਉਨ੍ਹਾਂ ਦੁੱਖਾਂ ਨੂੰ ਕਾਬੂ ਕਰਨ ਵਿੱਚ ਸਮਰੱਥ ਹਾਂ। ਮੈਨੂੰ ਆਪਣਾ ਦੁੱਖ ਦੱਸ ਦਿਓ। ਧੰਮਮਿਲ ਨੇ ਆਪਣੀ ਸਾਰੀ ਜ਼ਿੰਦਗੀ ਦਾ ਬਿਰਤਾਂਤ ਸੁਣਾਉਂਦੇ ਹੋਏ ਆਖਿਆ ਕਿ ਮੇਰੇ ਮਾਤਾ ਪਿਤਾ ਦਾ ਵਿਛੋੜਾ ਅਤੇ ਸੰਪਤੀ ਦਾ ਵਿਯੋਗ ਹੋ ਗਿਆ ਹੈ। ਹੁਣ ਕੋਈ ਵੀ ਅਜਿਹਾ ਉਪਾਅ ਦੱਸੋ ਜਿਸ ਨਾਲ ਮੈਂ

ਫਿਰ ਸੰਪਤੀ ਪ੍ਰਾਪਤ ਕਰ ਸਕਾਂ। ਅਗੜ ਦੱਤ ਮੁਨੀ ਨੇ ਵਿੱਦਿਆ ਦੀ ਸਾਧਨਾ ਅਤੇ ਤਪ ਵਰਤ ਆਦਿ ਦੀ ਵਿਧੀ ਦੱਸੀ ਅਤੇ ਨਾ ਹੀ ਇਹ ਕਿਹਾ ਕਿ ਜੋ ਆਦਮੀ ਛੇ ਮਹੀਨੇ ਤੱਕ ਆਯਾਬਿਤ ਤਪ ਕਰ ਲੈਂਦਾ ਹੈ ਉਸ ਨੂੰ ਇਸ ਸੰਸਾਰ ਦੀ ਹਰ ਚੀਜ਼ ਪ੍ਰਾਪਤ ਹੋ ਜਾਂਦੀ ਹੈ। ਧੰਮਮਿਲ ਨੇ ਕੁਝ ਸਮੇਂ ਦੇ ਲਈ ਮੁਨੀ ਭੇਖ ਧਾਰਨ ਕੀਤਾ। ਪ੍ਰਾਸੁੱਖ ਭੋਜਨ ਅਤੇ ਪਾਣੀ ਰਾਹੀਂ ਆਯਾਬਿਤ ਤਪ ਸ਼ੁਰੂ ਕੀਤਾ। ਤਪ ਕਰਦੇ ਹੋਏ ਉਸ ਨੂੰ ਛੇ ਮਹੀਨੇ ਬੀਤ ਗਏ। ਉਸ ਤੋਂ ਬਾਅਦ ਅਗੜ ਦੱਤ ਮੁਨੀ ਨੂੰ ਨਮਸਕਾਰ ਕਰਕੇ ਉਹ ਉੱਥੋਂ ਨਿਕਲਿਆ। ਰਸਤੇ ਵਿੱਚ ਉਸ ਨੇ ਭੂਤ ਘਰ ਵਿੱਚ ਵਿਸ਼ਰਾਮ ਕੀਤਾ। ਤਪੱਸਿਆ ਦੇ ਕਾਰਨ ਸਰੀਰ ਕਮਜ਼ੋਰ ਹੋਣ ਕਾਰਨ ਧੰਮਮਿਲ ਨੂੰ ਨੀਂਦ ਆ ਗਈ। ਨੀਂਦ ਵਿੱਚ ਦੇਵਤੇ ਨੇ ਆਖਿਆ ਕਿ ਧੰਮਮਿਲ ਤੂੰ ਬੇਫ਼ਿਕਰ ਹੋ ਜਾ। ਛੇਤੀ ਹੀ ਸ੍ਰੇਸ਼ਟ 32 ਸੁੰਦਰੀਆਂ ਨਾਲ ਤੇਰੀ ਸ਼ਾਦੀ ਹੋਵੇਗੀ। ਸਮਾਂ ਪੈਣ 'ਤੇ ਹੋਰ ਵੀ ਸੁਕੰਨਿਆਵਾਂ ਨਾਲ ਤੇਰੀ ਸ਼ਾਦੀ ਹੋਵੇਗੀ। ਜੀਵਨ ਦੇ ਅੰਤ ਵਿੱਚ ਧਰਮ ਰੁਚੀ ਮੁਨੀ ਦੇ ਕੋਲ ਉਸ ਨੇ ਆਪਣਾ ਪਿਛਲਾ ਜਨਮ ਸੁਣ ਕੇ ਸਾਧੂ ਜੀਵਨ ਅੰਗੀਕਾਰ ਕੀਤਾ।

ਅਨੇਕਾਂ ਸਾਲ ਤੱਕ ਸਾਧੂ ਜੀਵਨ ਧਾਰ ਕੇ ਉਸ ਨੇ ਅਚਯੁੱਤ ਕਲਪ ਦੇਵ ਲੋਕ ਵਿੱਚ 22 ਸਾਗਰੋਪਮ ਦੀ ਉਮਰ ਵਾਲਾ ਦੇਵਤਾ ਬਣਿਆ।

## ਦਾਮਨਕ

ਰਾਜਗ੍ਰਹਿ ਨਗਰੀ ਵਿੱਚ ਸੇਠ ਦੇ ਦਾਮਨਕ ਨਾਂਅ ਦਾ ਪੁੱਤਰ ਸੀ। ਜਦ ਉਹ ਅੱਠ ਸਾਲ ਦਾ ਹੋਇਆ ਤਾਂ ਪਰਿਵਾਰ

ਵਿੱਚ ਬਿਮਾਰੀ ਫੈਲ ਗਈ। ਬਿਮਾਰੀ ਤੋਂ ਡਰਦੇ ਗੁਆਂਢੀਆਂ ਨੇ ਉਸ ਦੇ ਘਰ ਦੇ ਆਲੇ ਦੁਆਲੇ ਕੰਡਿਆਂ ਦੀ ਤਿੱਖੀ ਵਾੜ ਲਗਾ ਦਿੱਤੀ। ਘਰ ਦਾ ਕੋਈ ਬੰਦਾ ਬਾਹਰ ਨਾ ਨਿਕਲ ਸਕਿਆ। ਅੱਠ ਸਾਲਾਂ ਦਾ ਬਾਲਕ ਦਾਮਨਕ ਹੀ ਕਿਸੇ ਤਰੀਕੇ ਨਾਲ ਬਚ ਗਿਆ। ਉਹ ਭਿੱਖਿਆ ਮੰਗ ਕੇ ਜ਼ਿੰਦਗੀ ਗੁਜ਼ਾਰਨ ਲੱਗਾ। ਸੇਠ ਸਾਗਰ ਦੱਤ ਨੇ ਉਸ ਨੂੰ ਅਨਾਥ ਸਮਝ ਕੇ ਆਪਣੇ ਘਰ ਰੱਖ ਲਿਆ। ਉਹ ਮਿਹਨਤ ਨਾਲ ਉਸ ਦੇ ਘਰ ਕੰਮ ਕਰਨ ਲੱਗਾ। ਸੇਠ ਉਸ ਦੀ ਲਗਨ ਅਤੇ ਇਮਾਨਦਾਰੀ ਤੋਂ ਬਹੁਤ ਖ਼ੁਸ਼ ਸੀ। ਇੱਕ ਬਾਰ ਸੇਠ ਦੇ ਘਰ ਦੋ ਸਾਧੂ ਭਿੱਖਿਆ ਲੈਣ ਆਏ। ਇੱਕ ਬੁੱਢੇ ਸਾਧੂ ਨੇ ਦਾਮਨਕ ਵੱਲ ਇਸ਼ਾਰਾ ਕਰਦੇ ਕਿਹਾ ਕਿ ਇਸ ਬਾਲਕ ਦੀ ਤਕਦੀਰ ਛੇਤੀ ਬਦਲਣ ਵਾਲੀ ਹੈ। ਕੁਝ ਹੀ ਦਿਨਾਂ ਵਿੱਚ ਇਹ ਇਸ ਘਰ ਦਾ ਮਾਲਕ ਬਣ ਜਾਵੇਗਾ। ਸਾਧੂ ਦਾ ਕਥਨ ਸੇਠ ਨੇ ਸੁਣ ਲਿਆ। ਸੇਠ ਨੇ ਪੁੱਛਿਆ ਜਦ ਮੇਰਾ ਪੁੱਤਰ ਸਭ ਪੱਖੋਂ ਯੋਗ ਹੈ ਤਾਂ ਇਹ ਘਰ ਦਾ ਮਾਲਕ ਕਿਵੇਂ ਬਣੇਗਾ ? ਇਸ ਮੁਸੀਬਤ ਨੂੰ ਛੇਤੀ ਖ਼ਤਮ ਕਰ ਦੇਣਾ ਚਾਹੀਦਾ ਹੈ। ਸੇਠ ਨੇ ਇੱਕ ਚੰਡਾਲ ਨੂੰ ਧਨ ਦਾ ਲਾਲਚ ਦੇ ਕੇ ਦਾਮਨਕ ਨੂੰ ਖ਼ਤਮ ਕਰਨ ਦਾ ਹੁਕਮ ਦਿੰਦੇ ਹੋਏ ਕਿਹਾ ਕਿ ਇਸ ਦੀਆਂ ਅੱਖਾਂ ਕੱਢ ਕੇ ਮੈਨੂੰ ਦੇ ਦਿਓ। ਚੰਡਾਲ ਉਸ ਦੇ ਭੋਲੇ ਮੁੱਖ ਤੇਜ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੂੰ ਉੱਥੋਂ ਕਿਸੇ ਹੋਰ ਸ਼ਹਿਰ ਵਿੱਚ ਜਾਣ ਲਈ ਕਿਹਾ ਅਤੇ ਆਪ ਖੁਦ ਹਿਰਨੀ ਦੇ ਬੱਚੇ ਦੀਆਂ ਅੱਖਾਂ ਕੱਢ ਕੇ ਲੈ ਗਿਆ। ਦਾਮਨਕ ਜੰਗਲ ਵਿੱਚ ਚੱਲਦਾ ਹੋਇਆ ਇੱਕ ਪਿੰਡ ਪਹੁੰਚਿਆ। ਜਿੱਥੇ ਉਸ ਨੂੰ ਇੱਕ ਗਵਾਲੇ ਨੇ ਆਪਣੇ ਕੋਲ ਰੱਖ ਲਿਆ। ਉਹ ਗਵਾਲੇ ਦੇ ਪਸ਼ੂ ਚਰਾਉਂਦਾ

ਹੋਇਆ ਉਸ ਦੇ ਨਾਲ ਰਹਿਣ ਲੱਗਾ ਅਤੇ ਜਵਾਨੀ ਦੀ ਉਮਰ ਨੂੰ ਪ੍ਰਾਪਤ ਹੋਇਆ।

ਇੱਕ ਬਾਰ ਸੇਠ ਸਾਗਰ ਦੱਤ ਗਵਾਲਿਆਂ ਦੇ ਪਿੰਡ ਆਇਆ। ਦਾਮਨਕ ਨੂੰ ਉਸ ਨੇ ਦੇਖ ਕੇ ਉਸ ਦੇ ਬਾਰੇ ਪੁੱਛਿਆ। ਸੇਠ ਸਾਗਰ ਦੱਤ ਸਮਝ ਗਿਆ ਕਿ ਚੰਡਾਲ ਨੇ ਇਸ ਨੂੰ ਜਿਉਂਦਾ ਛੱਡ ਦਿੱਤਾ ਹੈ। ਸੇਠ ਨੇ ਉਸ ਨੂੰ ਮਾਰਨ ਦਾ ਹੋਰ ਉਪਾਅ ਸੋਚਿਆ। ਸੇਠ ਨੇ ਗਵਾਲੇ ਨੂੰ ਕਿਹਾ, ‘‘ਇਸ ਪੱਤਰ ਨੂੰ ਨੌਜਵਾਨ ਦੇ ਹੱਥ ਮੇਰੇ ਘਰ ਪਹੁੰਚਾ ਦਿਓ। ਇਹ ਗੁਪਤ ਪੱਤਰ ਹੈ। ਦਾਮਨਕ ਪੱਤਰ ਲੈ ਕੇ ਚੱਲ ਪਿਆ। ਸ਼ਹਿਰ ਦੇ ਬਾਹਰ ਬਾਗ ਵਿੱਚ ਇੱਕ ਦੇਵਤਾ ਦਾ ਮੰਦਰ ਸੀ। ਥਕਾਨ ਮਿਟਾਉਣ ਲਈ ਉਹ ਉੱਥੇ ਸੌਂ ਗਿਆ। ਉਸੇ ਸਮੇਂ ਉੱਥੇ ਸਾਗਰ ਦੱਤ ਦੀ ਵਿਸ਼ਾ ਦੇਵਤਾ ਦੇ ਪੂਜਨ ਲਈ ਆਈ। ਦਾਮਨਕ ਨੂੰ ਵੇਖ ਕੇ ਉਹ ਉਸ ’ਤੇ ਮੋਹਿਤ ਹੋ ਗਈ। ਉਸ ਦੇ ਕੋਲ ਪਏ ਪੱਤਰ ਨੂੰ ਉਸ ਨੇ ਚੁੱਕ ਲਿਆ। ਉਸ ਨੇ ਵੇਖਿਆ ਕਿ ਇਹ ਪੱਤਰ ਉਸ ਦੇ ਭਾਈ ਦੇ ਨਾਂਅ ਹੈ ਅਤੇ ਉਸ ਵਿੱਚ ਉਸ ਯੁਵਕ ਦਾਮਨਕ ਬਾਰੇ ਲਿਖਿਆ ਹੈ ਕਿ ਸਵਾਗਤ ਸਤਿਕਾਰ ਕਰਕੇ ਇਸ ਯੁਵਕ ਨੂੰ ਫੌਰਨ ਵਿਸ਼ ਦੇ ਦਿਓ। ਇਸ ਕੰਮ ਵਿੱਚ ਭੁੱਲ ਨਹੀਂ ਕਰਨੀ। ਨਾ ਹੀ ਅਣਗਹਿਲੀ। ਵਿਸ਼ਾ ਕਿਉਂਕਿ ਦਾਮਨਕ ’ਤੇ ਪੂਰੀ ਤਰ੍ਹਾਂ ਮੋਹਿਤ ਹੋ ਚੁੱਕੀ ਸੀ। ਅੰਤ ਉਸ ਨੇ ਕੋਲ ਪਏ ਤਿਨਕੇ ਨਾਲ ਅੱਖ ਵਿੱਚੋਂ ਕੱਜਲ ਦੇ ਨਾਲ ਵਿਸ਼ ਦੀ ਥਾਂ ’ਤੇ ਵਿਸ਼ਾ ਕਰ ਦਿੱਤਾ ਅਤੇ ਪੱਤਰ ਉੱਥੇ ਹੀ ਰੱਖ ਦਿੱਤਾ। ਦਾਮਨਕ ਨੇ ਸੇਠ ਸਾਗਰ ਦੱਤ ਦੇ ਪੁੱਤਰ ਨੂੰ ਉਹ ਪੱਤਰ ਦੇ ਦਿੱਤਾ। ਪੱਤਰ ਪੜ੍ਹ ਕੇ ਸੇਠ ਦੇ ਪੁੱਤਰ ਨੇ ਦਾਮਨਕ ਨੂੰ ਭਲੀ ਪ੍ਰਕਾਰ ਵੇਖਿਆ। ਉਸ ਤੋਂ

ਪ੍ਰਭਾਵਿਤ ਹੋ ਕੇ ਉਸ ਨੇ ਆਪਣੇ ਪਿਤਾ ਦੇ ਫ਼ੈਸਲੇ ਦੀ ਮਨ ਹੀ ਮਨ ਵਿੱਚ ਸਰਾਹਰਨਾ ਕੀਤੀ। ਉਸ ਨੇ ਰਿਸ਼ਤੇਦਾਰਾਂ ਨੂੰ ਬੁਲਾ ਕੇ ਸਭ ਦੀ ਹਾਜ਼ਰੀ ਵਿੱਚ ਦਾਮਨਕ ਦਾ ਵਿਆਹ ਵਿਸ਼ਾ ਨਾਲ ਕਰ ਦਿੱਤਾ।

ਫਿਰ ਸਾਗਰ ਦੱਤ ਜਦ ਵਾਪਸ ਆਇਆ ਅਤੇ ਦਾਮਨਕ ਨੂੰ ਜੁਆਈ ਦੇ ਵਿੱਚ ਦੇਖਿਆ। ਤਾਂ ਉਹ ਉਸ ਨੂੰ ਮਾਰਨ ਦਾ ਫੇਰ ਯਤਨ ਕਰਨ ਲੱਗਾ। ਇੱਕ ਬਾਰ ਦਾਮਨਕ ਆਪਣੇ ਦੋਸਤ ਨਾਲ ਨਾਟਕ ਵੇਖਣ ਗਿਆ। ਦਾਮਨਕ ਦਾ ਮਨ ਨਾਟਕ ਵਿੱਚ ਨਹੀਂ ਲਗ ਰਿਹਾ ਸੀ। ਇਸੇ ਲਈ ਘਰ ਦੇ ਬਾਹਰ ਪਈ ਪੁਰਾਣੀ ਮੰਜੀ 'ਤੇ ਸੌਂ ਗਿਆ। ਖਟਮਲਾਂ ਕਾਰਨ ਉਸ ਨੂੰ ਨੀਂਦ ਨਾ ਆਈ। ਦਾਮਨਕ ਨੇ ਸੋਚਿਆ ਕਿ ਇਸ ਤੋਂ ਚੰਗਾ ਇਹੋ ਹੈ ਕਿ ਮੈਂ ਫਿਰ ਨਾਟਕ ਵੇਖਣ ਚਲਾ ਜਾਵਾਂ ਅਤੇ ਦੋਸਤ ਕੋਲ ਹੀ ਸੌਂ ਜਾਵਾਂ। ਇੱਧਰ ਨਾਟਕ ਖ਼ਤਮ ਹੋਣ 'ਤੇ ਸਾਗਰ ਦੱਤ ਦਾ ਪੁੱਤਰ ਉਸੇ ਮੰਜੇ 'ਤੇ ਸੌਂ ਗਿਆ। ਗਲਤੀ ਨਾਲ ਸੇਵਕਾਂ ਨੇ ਉਸ ਨੂੰ ਦਾਮਨਕ ਸਮਝ ਕੇ ਤਲਵਾਰ ਦੇ ਨਾਲ ਉਸ ਨੂੰ ਮਾਰ ਦਿੱਤਾ। ਸਵੇਰੇ ਜਦ ਭੇਦ ਖੁੱਲ੍ਹਿਆ ਤਾਂ ਸਾਗਰ ਦੱਤ ਬਹੁਤ ਦੁਖੀ ਹੋਇਆ। ਸੋਗ ਖ਼ਤਮ ਹੋਣ 'ਤੇ ਸੇਠ ਨੇ ਸਾਧੂ ਦੀ ਬਾਣੀ ਨੂੰ ਸੱਚ ਜਾਣ ਕੇ ਆਪਣੀ ਸਾਰੀ ਸੰਪਤੀ ਦਾ ਮਾਲਕ ਦਾਮਨਕ ਨੂੰ ਬਣਾ ਦਿੱਤਾ।

## ਅਗੜ ਦੱਤ

ਉਜੈਨੀ ਨਗਰੀ ਵਿੱਚ ਜਿੱਤ ਸ਼ੱਤਰੂ ਰਾਜਾ ਰਾਜ ਕਰਦਾ ਸੀ। ਉਸ ਦੇ ਸਾਰਥੀ ਦਾ ਨਾਂਅ ਅਮੋਘ ਰਸ ਸੀ। ਅਮੋਘ ਰਸ

ਦੀ ਪਤਨੀ ਯਸ਼ੋਮਤੀ ਦਾ ਪੁੱਤਰ ਅਗੜ ਦੱਤ ਸੀ। ਅਗੜਦੱਤ ਦੇ ਪਿਤਾ ਛੋਟੀ ਉਮਰ ਵਿੱਚ ਹੀ ਮਰ ਗਏ। ਉਹ ਦ੍ਰਿੜ੍ਹਪਰਹਾਰੀ ਦੇ ਕੋਲ ਰਥ ਚਲਾਉਣ ਦੀ ਵਿੱਦਿਆ ਸਿੱਖਣ ਲੱਗਾ। ਸਿੱਖਿਆ ਪ੍ਰਾਪਤ ਕਰਕੇ ਜਦ ਉਹ ਰਾਜਾ ਨੂੰ ਮਿਲਿਆ ਤਾਂ ਰਾਜੇ ਨੇ ਕਿਹਾ ਕਿ ਤੇਰੀ ਸਿੱਖਿਆ ਹਿੰਸਾਮਈ ਹੈ। ਅਸਲ ਸਿੱਖਿਆ ਤਾਂ ਪੰਜ ਮਹਾਂ ਵਰਤਾਂ ਦਾ ਪਾਲਣ ਹੈ। ਉਸੇ ਸਮੇਂ ਸ਼ਹਿਰੀਆਂ ਨੇ ਰਾਜੇ ਕੋਲ ਬੇਨਤੀ ਕੀਤੀ ਕਿ ਇੱਕ ਚੋਰ ਤੋਂ ਸਾਰਾ ਸ਼ਹਿਰ ਪੀੜਿਤ ਹੈ। ਕ੍ਰਿਪਾ ਕਰਕੇ ਸਾਨੂੰ ਉਸ ਤੋਂ ਮੁਕਤ ਕਰਾਓ। ਅਗੜਦੱਤ ਨੇ ਰਾਜੇ ਦੇ ਸਾਹਮਣੇ ਚੋਰ ਨੂੰ ਫੜਨ ਦਾ ਪ੍ਰਣ ਲਿਆ। ਉਸ ਨੇ ਚੋਰ ਨੂੰ ਫੜ ਕੇ ਗੁਪਤ ਠਿਕਾਣੇ ਵਿੱਚ ਰੱਖੇ ਧਨ ਨੂੰ ਸ਼ਹਿਰੀਆਂ ਵਿੱਚ ਵੰਡ ਦਿੱਤਾ।

ਅਗੜਦੱਤ ਦਾ ਵਿਆਹ ਕੁਸ਼ੰਭੀ ਨਗਰੀ ਦੇ ਨਿਵਾਸੀ ਯਕਸ਼ ਦੱਤ ਦੀ ਪੁੱਤਰੀ ਸ਼ਿਆਮਾ ਦੱਤਾ ਦੇ ਨਾਲ ਹੋਇਆ। ਵਿਆਹ ਕਰਕੇ ਜਦੋਂ ਉਹ ਕੁਸ਼ੰਭੀ ਤੋਂ ਉਜੈਨੀ ਜਾ ਰਿਹਾ ਸੀ ਤਾਂ ਰਾਹ ਵਿੱਚ ਉਸ ਨੂੰ ਇੱਕ ਵਪਾਰੀ ਮਿਲਿਆ। ਉਹ ਵਪਾਰੀ ਦੇ ਨਾਲ ਚੱਲਣ ਲੱਗਾ। ਉਸ ਕਾਫ਼ਲੇ ਵਿੱਚ ਇੱਕ ਧੋਖੇਬਾਜ ਪਰੀਰਾਜਕ ਵੀ ਸੀ। ਅਗੜਦੱਤ ਉਸ ਦੀਆਂ ਹਰਕਤਾਂ ਤੋਂ ਸਮਝ ਗਿਆ ਕਿ ਇਹ ਪਰੀਰਾਜਕ ਦੇ ਭੇਸ ਵਿੱਚ ਠੱਗ ਹੈ। ਰਾਹ ਵਿੱਚ ਪਰੀਰਾਜਕ ਨੇ ਸਭ ਨੂੰ ਜ਼ਹਿਰ ਮਿਲਾ ਕੇ ਖੀਰ ਖੁਆਈ ਜਿਸ ਨਾਲ ਸਭ ਮਰ ਗਏ। ਸਾਵਧਾਨੀ ਦੇ ਕਾਰਨ ਅਗੜ ਦੱਤ ਅਤੇ ਸ਼ਿਆਮ ਦੱਤਾ ਬਚ ਗਏ। ਅਗੜ ਦੱਤ ਦੇ ਨਾਲ ਸੰਘਰਸ਼ ਕਰਨ ਕਾਰਨ ਪਰੀਰਾਜਕ ਵੀ ਮੌਤ ਨੂੰ ਪ੍ਰਾਪਤ ਹੋਇਆ। ਰਾਹ ਵਿੱਚ ਅਨੇਕਾਂ ਕਠਿਨਾਈਆਂ ਪਾਰ ਕਰਕੇ ਅਗੜ ਦੱਤ ਉਜੈਨੀ

ਪਹੁੰਚਿਆ। ਉੱਥੇ ਰਾਜਾ ਦੀ ਸੇਵਾ ਕਰਦੇ ਹੋਏ ਸੁੱਖ ਨਾਲ ਚੰਗਾ ਸਮਾਂ ਬਿਤਾਉਣ ਲੱਗਾ।

ਇੱਕ ਬਾਰ ਰਾਜੇ ਦੇ ਹੁਕਮ ਨਾਲ ਬਾਗ ਵਿੱਚ ਇੱਕ ਸਮਾਰੋਹ ਮਨਾਇਆ ਗਿਆ। ਉਸ ਸਮਾਰੋਹ ਵਿੱਚ ਅਗੜਦੱਤ ਵੀ ਆਪਣੀ ਪਤਨੀ ਦੇ ਨਾਲ ਸ਼ਾਮਲ ਹੋਇਆ। ਉੱਥੇ ਸ਼ਿਆਮਾ ਦੱਤਾ ਨੂੰ ਸੱਪ ਨੂੰ ਡਸ ਲਿਆ ਅਤੇ ਉਹ ਬੇਹੋਸ਼ ਹੋ ਗਈ। ਉਹ ਪਤਨੀ ਦੀ ਲਾਸ਼ ਕੋਲ ਬੈਠਾ ਹੰਝੂ ਵਹਾਉਂਦਾ ਰਿਹਾ। ਉਸੇ ਸਮੇਂ ਦੋ ਵਿੱਦਿਆਧਰ ਆਕਾਸ਼ ਮਾਰਗ ਤੋਂ ਗੁਜਰੇ। ਉਹਨਾਂ ਨੂੰ ਅਗੜ ਦੱਤ 'ਤੇ ਰਹਿਮ ਆਇਆ। ਉਹਨਾਂ ਨੇ ਆਪਣੀ ਵਿੱਦਿਆ ਬਲ ਨਾਲ ਸ਼ਿਆਮਾ ਦੱਤਾ ਦਾ ਜ਼ਹਿਰ ਦੂਰ ਕਰ ਦਿੱਤਾ। ਅੱਧੀ ਤੋਂ ਜ਼ਿਆਦਾ ਰਾਤ ਬੀਤ ਜਾਣ ਕਾਰਨ ਅਗੜ ਦੱਤ ਨੇ ਬਾਕੀ ਰਾਤ ਬਾਗ ਵਿੱਚ ਬਣੇ ਦੇਵ ਮੰਦਿਰ ਵਿੱਚ ਗੁਜ਼ਾਰਨ ਦਾ ਫ਼ੈਸਲਾ ਕੀਤਾ। ਠੰਢ ਤੋਂ ਬਚਣ ਲਈ ਉਹ ਸ਼ਮਸ਼ਾਨ ਵਿੱਚੋਂ ਅੰਗਾਰੇ ਲੈ ਆਇਆ। ਜਦ ਅਗੜ ਦੱਤ ਵਾਪਸ ਆਇਆ ਤਾਂ ਉਸ ਨੂੰ ਦੇਵ ਮੰਦਿਰ ਵਿੱਚ ਪ੍ਰਕਾਸ਼ ਦਿਖਾਈ ਦਿੱਤਾ। ਉਸ ਨੇ ਪਤਨੀ ਤੋਂ ਇਸ ਹਵਾਲੇ ਤੋਂ ਪੁੱਛਿਆ ਤਾਂ ਉਸ ਨੇ ਆਖਿਆ ਕਿ ਤੁਹਾਡੇ ਹੱਥ ਵਿੱਚ ਫੜੀ ਅੱਗ ਦਾ ਪਰਛਾਵਾਂ ਹੋਵੇਗਾ। ਅਗੜ ਦੱਤ ਨੇ ਉਸ 'ਤੇ ਵਿਸ਼ਵਾਸ ਕਰ ਲਿਆ ਤੇ ਸਵੇਰ ਹੋਣ 'ਤੇ ਘਰ ਵਾਪਸ ਆ ਗਏ।

ਇੱਕ ਦਿਨ ਅਗੜ ਦੱਤ ਦੇ ਘਰ ਦੋ ਮੁਨੀ ਭੀਖਿਆ ਲੈਣ ਲਈ ਆਏ। ਉਸ ਨੇ ਭੋਜਨ ਦਾ ਦਾਨ ਕੀਤਾ। ਫਿਰ ਦੋ ਮੁਨੀ ਆਏ। ਫਿਰ ਦੋ ਮੁਨੀ ਹੋਰ ਆਏ। ਅਗੜ ਦੱਤ ਬਾਗ ਵਿੱਚ ਪੁੱਜ ਤੇ ਪੁੱਛਿਆ ਕਿ ਤੁਸੀਂ ਛੇ ਇੱਕੋ ਰੂਪ ਵਾਲੇ ਹੋ। ਇੰਨੀ

ਛੋਟੀ ਉਮਰ ਵਿੱਚ ਤੁਸੀਂ ਸਾਧੂ ਕਿਉਂ ਬਣ ਗਏ। ਮੁਨੀਆਂ ਨੇ ਕਿਹਾ ਕਿ ਵਿੰਦਿਆਚਲ ਦੇ ਕੋਲ ਅੰਮ੍ਰਿਤ ਸੁੰਦਰਾਂ ਨਾਮ ਦੀ ਇੱਕ ਚੋਰਾਂ ਦੀ ਬਸਤੀ ਹੈ। ਉੱਥੇ ਅਰਜਨ ਨਾਂਅ ਦਾ ਚੋਰ ਸੈਨਾਪਤੀ ਹੈ। ਇੱਕ ਨੌਜਵਾਨ ਆਪਣੀ ਪਤਨੀ ਦੇ ਨਾਲ ਉੱਥੋਂ ਗੁਜ਼ਰਿਆ। ਉਸ ਨੇ ਮੇਰੇ ਭਾਈ ਚੋਰ ਸੈਨਾਪਤੀ ਨੂੰ ਮਾਰ ਦਿੱਤਾ। ਅਸੀਂ ਛੇਆਂ ਨੇ ਉਸ ਦਾ ਪਤਾ ਲਾਉਣ ਲਈ ਉਜੈਨੀ ਨਗਰੀ ਆ ਗਏ। ਇੱਕ ਸਮਾਰੋਹ ਵਿੱਚ ਉਸ ਦੀ ਪਤਨੀ ਸੱਪ ਕੱਟਣ ਨਾਲ ਬੇਹੋਸ਼ ਹੋ ਗਈ। ਵਿੱਦਿਆਧਰਾਂ ਨੇ ਉਸ ਨੂੰ ਠੀਕ ਕਰ ਦਿੱਤਾ। ਜਦ ਉਹ ਅੰਗਾਰੇ ਲੈਣ ਗਿਆ ਤਾਂ ਬਦਲਾ ਲੈਣ ਲਈ ਛੋਟੇ ਭਾਈ ਨੂੰ ਮਾਰਨ ਦਾ ਜ਼ਿੰਮਾ ਦੇ ਬਾਕੀ ਅਸੀਂ ਛੁਪ ਗਏ। ਭਾਈ ਨੇ ਦੋਹਾਂ ਨੂੰ ਮਾਰਨ ਦੀ ਧਮਕੀ ਦਿੱਤੀ। ਉਸ ਦੀ ਪਤਨੀ ਨੇ ਕਿਹਾ ਕਿ ਮੈਂ ਖੁਦ ਆਪਣੇ ਪਤੀ ਨੂੰ ਮਾਰ ਦੇਵਾਂਗੀ ਪਰ ਤੁਸੀਂ ਮੈਨੂੰ ਨਾ ਮਾਰੋ। ਸਾਡੇ ਛੋਟੇ ਭਾਈ ਦੀ ਇਸ ਗੱਲ 'ਤੇ ਤਸੱਲੀ ਹੋ ਗਈ। ਉਹ ਦੀਵੇ ਨੂੰ ਫੂਕ ਵੀ ਨਹੀਂ ਪਾਇਆ ਸੀ ਕਿ ਉਹ ਯੁਵਕ ਆ ਗਿਆ। ਉਹ ਯੁਵਕ ਤਲਵਾਰ ਆਪਣੀ ਪਤਨੀ ਦੇ ਹੱਥ ਵਿੱਚ ਦੇ ਕੇ ਅੱਗ ਸੁਲਘਾਉਣ ਲੱਗਾ। ਪਤਨੀ ਨੇ ਮਾਰਨ ਲਈ ਤਲਵਾਰ ਚੁੱਕੀ ਪਰ ਮੇਰੇ ਛੋਟੇ ਭਾਈ ਦੇ ਮਨ ਵਿੱਚ ਰਹਿਮ ਆ ਗਿਆ। ਉਸ ਨੇ ਤਲਵਾਰ ਵਾਲੇ ਹੱਥ 'ਤੇ ਵਾਰ ਕੀਤਾ। ਤਲਵਾਰ ਹੱਥ ਵਿੱਚੋਂ ਛੁਟ ਕੇ ਦੂਰ ਡਿੱਗ ਪਈ। ਯੁਵਕ ਦੇ ਪੁੱਛਣ 'ਤੇ ਉਸ ਨੇ ਬਹਾਨਾ ਬਣਾਇਆ ਕਿ ਤਲਵਾਰ ਘਬਰਾਹਟ ਕਾਰਨ ਹੱਥ ਵਿੱਚੋਂ ਛੁੱਟ ਗਈ ਹੈ। ਇਸਤਰੀ ਸੁਭਾਅ ਦੀ ਕੁਟੀਲਤਾ ਤੋਂ ਸਾਡੇ ਮਨ ਵਿੱਚ ਬੈਰਾਗ ਉਤਪੰਨ ਹੋ ਗਿਆ ਅਤੇ ਅਸੀਂ ਦ੍ਰਿੜ੍ਹ ਚਿੱਤ ਨਾਂਅ ਦੇ ਮੁਨੀ ਤੋਂ ਦੀਕਸ਼ਾ ਗ੍ਰਹਿਣ ਕਰ ਲਈ।

ਅਗੜ ਦੱਤ ਆਪਣੀ ਹੀ ਜ਼ਿੰਦਗੀ ਦੇ ਘਟਨਾ ਪ੍ਰਸੰਗ ਨੂੰ ਸੁਣ ਕੇ ਪਤਨੀ ਦੇ ਵਿਸ਼ਵਾਸਘਾਤ ਨੂੰ ਜਾਣ ਕੇ ਵਿਰਕਤ ਹੋ ਗਿਆ। ਉਸ ਨੇ ਮੁਨੀਆਂ ਨੂੰ ਕਿਹਾ ਕਿ ਤੁਹਾਡੇ ਭਰਾ ਨੂੰ ਮਾਰਨ ਵਾਲਾ ਮੈਂ ਹੀ ਹਾਂ। ਹੁਣ ਤੁਸੀਂ ਮੈਨੂੰ ਸੰਸਾਰ ਸਾਗਰ ਤੋਂ ਪਾਰ ਕਰਨ ਲਈ ਦੀਕਸ਼ਾ ਦਿਓ। ਉਹ ਮੁਨੀਆਂ ਕੋਲ ਦੀਕਸ਼ਿਤ ਹੋ ਗਿਆ।

## ਦਮਦੰਤ ਅਨਗਾਰ

ਹਸਤੀ ਸ਼ੀਰਸ ਨਗਰ ਵਿੱਚ ਦਮਦੰਤ ਨਾਂ ਦਾ ਰਾਜਾ ਰਾਜ ਕਰਦਾ ਸੀ। ਹਸਨਾਪੁਰ ਨਗਰ ਵਿੱਚ ਪੰਜ ਪਾਂਡਵ ਰਹਿੰਦੇ ਸਨ। ਦੋਹਾਂ ਦਾ ਆਪਸ ਵਿੱਚ ਵੈਰ ਸੀ। ਇੱਕ ਵਾਰ ਮਹਾਰਾਜ ਦਮਦੰਤ ਰਾਜਗ੍ਰਹਿ ਵਿੱਚ ਜ਼ਰਾਸੰਧ ਦੇ ਕੋਲ ਗਿਆ ਹੋਇਆ ਸੀ। ਪਾਂਡਵਾ ਨੇ ਉਸ ਦੇ ਰਾਜ ਨੂੰ ਲੁੱਟ ਲਿਆ ਅਤੇ ਜਲਾ ਦਿੱਤਾ। ਜਦ ਦਮਦੰਤ ਵਾਪਸ ਆਇਆ ਤਾਂ ਉਸ ਨੇ ਹਸਤਨਾਪੁਰ 'ਤੇ ਚੜ੍ਹਾਈ ਕਰ ਦਿੱਤੀ। ਦਮਦੰਤ ਦੇ ਡਰ ਤੋਂ ਕੋਈ ਵੀ ਆਦਮੀ ਸ਼ਹਿਰ ਤੋਂ ਬਾਹਰ ਨਹੀਂ ਆਇਆ। ਦਮਦੰਤ ਨੇ ਕਿਹਾ ਕਿ ਗਿੱਦੜਾਂ ਦੀ ਤਰ੍ਹਾ ਲੁਕਣ ਨਾਲੋਂ ਜਿੱਥੇ ਘੁੰਮਣਾ ਹੈ, ਘੁੰਮੋ, ਜਦ ਮੈਂ ਜ਼ਰਾਸੰਧ ਦੇ ਕੋਲ ਗਿਆ ਸੀ ਤਾਂ ਤੁਸੀਂ ਮੇਰੇ ਦੇਸ਼ ਨੂੰ ਲੁੱਟ ਲਿਆ। ਹੁਣ ਬਾਹਰ ਨਿਕਲੋ। ਜਦ ਹਸਤਨਾਪੁਰ ਤੋਂ ਕੋਈ ਬਾਹਰ ਨਹੀਂ ਆਇਆ ਤਾਂ ਮਹਾਰਾਜ ਦਮਦੰਤ ਆਪਣੇ ਦੇਸ਼ ਨੂੰ ਵਾਪਸ ਪਰਤ ਗਿਆ।

ਸਮਾਂ ਪੈਣ 'ਤੇ ਉਹ ਕਾਮ ਭੋਗਾਂ ਤੋਂ ਦੂਰ ਹੋ ਕੇ ਸਾਧੂ ਬਣ ਗਿਆ। ਇੱਕ ਬਾਰ ਇਕੱਲੇ ਰਹਿਣ ਦੀ ਪ੍ਰਤਿੱਗਿਆ ਨੂੰ

ਸਵੀਕਾਰ ਕਰਕੇ ਉਹ ਘੁੰਮਦਾ ਹੋਇਆ ਹਸਤਨਾਪੁਰ ਆਇਆ ਅਤੇ ਪਿੰਡ ਤੋਂ ਬਾਹਰ ਧਿਆਨ ਵਿੱਚ ਸਥਿਤ ਹੋ ਗਿਆ। ਯੁਧਿਸ਼ਠਰ ਨੇ ਆ ਕੇ ਨਮਸਕਾਰ ਕੀਤਾ ਤੇ ਬਾਕੀ ਚਾਰੇ ਪਾਂਡਵਾਂ ਨੇ ਵੀ ਨਮਸਕਾਰ ਕੀਤਾ। ਇੰਨੇ ਵਿੱਚ ਦੁਰਯੋਧਨ ਵੀ ਆ ਗਿਆ। ਉਸ ਦੇ ਸਾਥੀਆਂ ਨੇ ਉਸ ਨੂੰ ਕਿਹਾ ਕਿ ਇਹ ਉਹੀ ਦਮਦੰਤ ਹੈ। ਦੁਰਯੋਧਨ ਨੇ ਉਸ ਨੂੰ ਬਿਜੋਰੇ ਦੇ ਫ਼ਲ ਨਾਲ ਜ਼ਖ਼ਮੀ ਕਰ ਦਿੱਤਾ। ਉਸ ਦੇ ਨਾਲ ਆਈ ਸੈਨਾ ਨੇ ਇੱਕ-ਇੱਕ ਪੱਥਰ ਮੁਨੀ ਵੱਲ ਸੁੱਟਿਆ। ਵੇਖਦੇ-ਵੇਖਦੇ ਮੁਨੀ ਪੱਥਰਾਂ ਦੇ ਢੇਰ ਵਿੱਚ ਢਕਿਆ ਗਿਆ। ਵਾਪਸੀ 'ਤੇ ਯੁਧਿਸ਼ਠਰ ਨੇ ਪੁੱਛਿਆ ਕਿ ਇੱਥੇ ਇੱਕ ਮੁਨੀ ਧਿਆਨ ਵਿੱਚ ਸਥਿਤ ਸੀ, ਉਹ ਕਿੱਥੇ ਹੈ ? ਲੋਕਾਂ ਨੇ ਕਿਹਾ ਕਿ ਉਹ ਇਸ ਪੱਥਰਾਂ ਦੇ ਢੇਰ ਦੇ ਪਿੱਛੇ ਹੈ ਅਤੇ ਇਹ ਪੱਥਰ ਦੁਰਯੋਧਨ ਦੇ ਕਾਰਨ ਸੁੱਟੇ ਗਏ ਹਨ। ਯੁਧਿਸ਼ਠਰ ਨੇ ਦੁਰਯੋਧਨ ਨੂੰ ਫਟਕਾਰਿਆ ਅਤੇ ਪੱਥਰਾਂ ਨੂੰ ਹਟਾਇਆ ਅਤੇ ਮੁਨੀ ਦੀ ਤੇਲ ਨਾਲ ਮਾਲਸ਼ ਕੀਤੀ ਅਤੇ ਖ਼ਿਮਾ ਮੰਗੀ। ਮੁਨੀ ਦਮਦੰਤ ਦਾ ਦੁਰਯੋਧਨ ਅਤੇ ਪਾਂਡਵਾਂ ਪ੍ਰਤੀ ਸਮ ਭਾਵ ਸੀ।

## ਮੁਨੀ ਪਤੀ

ਸੁਵਰਤਾ ਨਗਰੀ 'ਤੇ ਮੁਨੀ ਪਤੀ ਨਾਂ ਦਾ ਇਨਸਾਫ਼ ਪਸੰਦ ਰਾਜਾ ਰਾਜ ਕਰਦਾ ਸੀ। ਉਸ ਦੀ ਰਾਣੀ ਦਾ ਨਾਂਅ ਪ੍ਰਿਥਵੀ ਸੀ ਅਤੇ ਰਾਜਕੁਮਾਰ ਦਾ ਨਾਂਅ ਮਨੀ ਭੱਦਰ ਸੀ। ਇੱਕ ਵਾਰ ਰਾਣੀ ਆਪਣੇ ਪਤੀ ਦੇ ਬਾਲ ਸੰਵਾਰ ਰਹੀ ਸੀ। ਉਸ ਨੇ

ਸਿਰ ਵਿੱਚ ਇੱਕ ਸਫ਼ੈਦ ਬਾਲ ਵੇਖ ਕੇ ਕਿਹਾ ਕਿ ਮਹਾਰਾਜ ਚੋਰ ਆ ਗਿਆ ਹੈ। ਰਾਜਾ ਨੇ ਹੈਰਾਨੀ ਨਾਲ ਚਹੁੰ ਪਾਸੇ ਵੇਖਿਆ ਤਾਂ ਉਸ ਨੂੰ ਕੁਝ ਵਿਖਾਈ ਨਹੀਂ ਦਿੱਤਾ। ਰਾਜੇ ਨੇ ਪੁੱਛਿਆ, ਕਿੱਥੇ ਹੈ ਚੋਰ ? ਤਦ ਰਾਣੀ ਨੇ ਚਿੱਟਾ ਬਾਲ ਉਖਾੜ ਕੇ ਉਸ ਨੂੰ ਵਿਖਾਇਆ। ਇਹ ਘਟਨਾ ਤੋਂ ਰਾਜਾ ਪੁੱਤਰ ਨੂੰ ਰਾਜ ਸੰਭਾਲ ਕੇ ਸਾਧੂ ਬਣ ਗਿਆ। ਸਾਧੂ ਬਣਦੇ ਹੀ ਉਸ ਨੇ ਪ੍ਰਤੀਮਾਧਾਰੀ ਬਣ ਕੇ ਇਕੱਲੇ ਘੁੰਮਣ ਲੱਗਾ। ਇੱਕ ਬਾਰ ਉਜੈਨੀ ਨਗਰੀ ਦੀ ਸ਼ਿਪਰਾ ਨਦੀ ਦੇ ਕਿਨਾਰੇ ਉਹ ਧਿਆਨ ਕਰ ਰਹੇ ਸਨ। ਉਹਨਾਂ ਨੂੰ ਕੱਪੜੇ ਰਹਿਤ ਵੇਖ ਕੇ ਇੱਕ ਗਵਾਲੇ ਨੂੰ ਦਿਆ ਆ ਗਈ। ਗਵਾਲੇ ਨੇ ਆਪਣੇ ਕੱਪੜਿਆਂ ਨਾਲ ਮੁਨੀ ਦੇ ਸਰੀਰ ਨੂੰ ਢਕ ਦਿੱਤਾ। ਉਸੇ ਨਗਰੀ ਵਿੱਚ ਇੱਕ ਤਿਲ ਭੱਟ ਨਾਂਅ ਦਾ ਬ੍ਰਾਹਮਣ ਰਹਿੰਦਾ ਸੀ। ਉਹ ਸੁਭਾਅ ਤੋਂ ਬੜਾ ਨੇਕ ਸੀ। ਪਰ ਉਸ ਦੀ ਪਤਨੀ ਧਨ ਸ੍ਰੀ ਬੜੀ ਚਲਾਕ ਤੇ ਭ੍ਰਿਸ਼ਟ ਆਚਰਣ ਵਾਲੀ ਸੀ। ਬ੍ਰਾਹਮਣ ਤਿਲਾਂ ਦਾ ਵਪਾਰ ਕਰਦਾ ਸੀ। ਬ੍ਰਾਹਮਣ ਨੇ ਭਵਿੱਖ ਦੇ ਲਾਭ ਲਈ ਇੱਕ ਕੋਠੇ ਵਿੱਚ ਤਿਲਾਂ ਦਾ ਸੰਗ੍ਰਹਿ ਕੀਤਾ। ਉਸ ਦੀ ਪਤਨੀ ਨੇ ਉਸ ਨੂੰ ਵੇਚ ਕੇ ਧਨ ਦਾ ਦੁਰਉਪਯੋਗ ਕਰਨਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਸਾਰੇ ਤਿਲ ਸਮਾਪਤ ਹੋ ਗਏ। ਬ੍ਰਾਹਮਣੀ ਨੇ ਸੋਚਿਆ ਕਿ ਜਦ ਬ੍ਰਾਹਮਣ ਤਿਲਾਂ ਬਾਰੇ ਪੁੱਛੇਗਾ ਤਾਂ ਮੈਂ ਕੀ ਜਵਾਬ ਦੇਵਾਂਗੀ।

ਇੱਕ ਬਾਰ ਬ੍ਰਾਹਮਣ ਕਿਸੇ ਕੰਮ ਲਈ ਬਾਹਰ ਗਿਆ ਹੋਇਆ ਸੀ। ਉਸ ਦਿਨ ਹਨ੍ਹੇਰ ਪੱਖ ਦੀ ਚੌਦਸ ਸੀ। ਬ੍ਰਾਹਮਣੀ ਨੇ ਆਪਣੇ ਸਰੀਰ ਨੂੰ ਪੰਖੜੀਆਂ ਨਾਲ ਢਕ ਕੇ ਮੂੰਹ ਕਾਲਾ ਕਰ ਲਿਆ। ਇੱਕ ਹੱਥ ਵਿੱਚ ਜਲਦੇ ਹੋਏ ਅੰਗਾਰੇ ਅਤੇ ਦੂਜੇ ਹੱਥ

ਵਿੱਖ ਖੱਪਰ ਅਤੇ ਕਟਾਰ ਲੈ ਲਈ ਤੇ ਆਪਣੇ ਬਾਲਾਂ ਨੂੰ ਚਹੁੰ ਪਾਸੇ ਖਿਲਾਰ ਲਿਆ। ਜੀਭ ਨੂੰ ਬਾਹਰ ਕੱਢ ਕੇ ਉਹ ਜੰਗਲ ਤੋਂ ਆ ਰਹੇ ਤਿਲ ਭੱਟ ਦੇ ਕੋਲ ਆਈ ਅਤੇ ਆਖਣ ਲੱਗੀ, ਤਿਲ ਭੱਟ ਨੂੰ ਖਾਵਾਂ ਜਾਂ ਤਿਲਾਂ ਦੇ ਢੇਰ ਨੂੰ। ਤਿਲ ਭੱਟ ਡਰ ਕੇ ਆਖਣ ਲੱਗਾ ਦੇਵੀ ਤੁਸੀਂ ਕ੍ਰਿਪਾ ਕਰਕੇ ਮੈਨੂੰ ਛੱਡ ਦਿਓ, ਸਾਰੇ ਤਿਲਾਂ ਨੂੰ ਖਾ ਲਵੋ।

ਬ੍ਰਾਹਮਣੀ ਨੇ ਆਪਣੇ ਅਸਲ ਕੱਪੜੇ ਜਿੱਥੇ ਉਤਾਰੇ ਸਨ ਉਹ ਉੱਥੇ ਆਈ। ਉੱਥੇ ਜਲਦੀ ਚਿਤਾ ਦੇ ਚਾਨਣ ਵਿੱਚ ਮੁਨੀ ਪਤੀ ਮੁਨੀ ਨੂੰ ਧਿਆਨ ਵਿੱਚ ਵੇਖ ਕੇ ਘਬਰਾ ਗਈ। ਉਸ ਨੇ ਸੋਚਿਆ ਕਿ ਇਹ ਮੁਨੀ ਮੇਰੀ ਗੱਲ ਲੋਕਾਂ ਨੂੰ ਨਾ ਆਖ ਦੇਵੇ ਇਹ ਸੋਚ ਕੇ ਉਸ ਨੇ ਇੱਕ ਚਿੰਗਾਰੀ ਮੁਨੀ ਵੱਲ ਸੁੱਟੀ। ਗਵਾਲੇ ਰਾਹੀਂ ਢਕੇ ਕੱਪੜੇ ਕਾਰਨ ਇਹ ਅੱਗ ਦੀ ਚਿੰਗਾਰੀ ਨੇ ਅੱਗ ਫੜ ਲਈ। ਓਧਰ ਡਰਿਆ ਬ੍ਰਾਹਮਣ ਆਪਣੇ ਘਰ ਪਹੁੰਚਿਆ। ਡਰਦੇ-ਡਰਦੇ ਉਸ ਨੇ ਆਪਣੀ ਪਤਨੀ ਨੂੰ ਸਾਰੀ ਹੱਡ ਬੀਤੀ ਦੱਸੀ। ਡਰ ਦੇ ਕਾਰਨ ਉਸੇ ਰਾਤ ਬ੍ਰਾਹਮਣ ਦੀ ਮੌਤ ਹੋ ਗਈ। ਸਵੇਰੇ ਜਦ ਗਵਾਲੇ ਨੇ ਅੱਧ ਨੰਗੇ ਸਰੀਰ ਦੀ ਹਾਲਤ ਵੇਖੀ ਤਾਂ ਉਸਨੂੰ ਬਹੁਤ ਪਛਚਾਤਾਪ ਹੋਇਆ। ਸਾਰੇ ਗਵਾਲੇ ਕੁੰਚਿਕ ਸੇਠ ਦੇ ਕੋਲ ਗਏ ਅਤੇ ਸਾਰੀ ਘਟਨਾ ਦੱਸੀ। ਸ਼ਹਿਰ ਵਿੱਚ ਸਥਿਤ ਹੋਰ ਸਾਧੂ ਅੰਤੁਕਾਰੀ ਭੱਟਾ ਦੇ ਕੋਲੋਂ ਲਕਸ਼ਪਾਕ ਤੇਲ ਲਿਆਏ ਅਤੇ ਮੁਨੀ ਦਾ ਉਪਚਾਰ ਕੀਤਾ। ਮੁਨੀ ਉਪਚਾਰ ਨਾਲ ਠੀਕ ਹੋ ਗਏ। ਕੁਚਿੰਕ ਸੇਠ ਨੇ ਮੁਨੀ ਪਤੀ ਸਾਧੂ ਦਾ ਚੌਮਾਸਾ ਕਰਾਇਆ। ਸੇਠ ਨੇ ਆਪਣੇ ਪੁੱਤਰ ਤੋਂ ਛੁਪਾ ਕੇ ਕੁਝ ਧਨ ਮੁਨੀ ਪਤੀ ਦੇ ਠਿਕਾਣੇ 'ਤੇ ਰੱਖ ਦਿੱਤਾ। ਸੇਠ ਦੇ ਪੁੱਤਰ ਨੇ

ਉਹ ਧਨ ਚੋਰੀ ਕਰ ਲਿਆ। ਸੇਠ ਨੇ ਮੁਨੀ ਪਤੀ ਸਾਨੂੰ ਕਿਹਾ ਕਿ ਤੁਸੀਂ ਬੜੇ ਕ੍ਰਿਤਘਣ ਹੋ। ਮੇਰੇ ਘਰ ਵਿੱਚ ਆਸਰਾ ਲੈ ਕੇ ਹੀ ਮੇਰੇ ਧਨ ਦੀ ਚੋਰੀ ਕੀਤੀ ਹੈ। ਮੁਨੀ ਨੇ ਕਿਹਾ ਕਿ ਮੈਂ ਨਿਰਦੋਸ਼ ਹਾਂ। ਪਰ ਸੇਠ ਨੂੰ ਮੁਨੀ ਦੀ ਗੱਲ 'ਤੇ ਵਿਸ਼ਵਾਸ ਨਾ ਹੋਇਆ। ਜੈਨ ਧਰਮ ਵਿੱਚ ਕਲੰਕ ਆਉਂਦਾ ਵੇਖ ਕੇ ਮੁਨੀ ਨੂੰ ਗੁੱਸਾ ਆ ਗਿਆ। ਉਸ ਨੇ ਮੂੰਹ ਤੋਂ ਧੂੰਆਂ ਕੱਢਣਾ ਸ਼ੁਰੂ ਕੀਤਾ। ਸੇਠ ਦਾ ਪੁੱਤਰ ਡਰ ਗਿਆ। ਡਰਦੇ ਮਾਰੇ ਉਸ ਨੇ ਆਪਣੀ ਗਲਤੀ ਸਵੀਕਾਰ ਕਰ ਲਈ। ਅਸਲੀਅਤ ਦਾ ਗਿਆਨ ਹੋਣ 'ਤੇ ਸੇਠ ਨੇ ਵੀ ਮੁਨੀ ਨੂੰ ਖ਼ਿਮਾ ਮੰਗੀ। ਕੁਚਿੰਕ ਸੇਠ ਇਸ ਘਟਨਾ ਤੋਂ ਬਿਰਕਤ ਹੋ ਕੇ ਸਾਧੂ ਬਣ ਗਿਆ। ਮੁਨੀ ਪਤੀ ਮੁਨੀ ਸਮਾਧੀ ਪ੍ਰਾਪਤ ਕਰਕੇ ਦੇਵ ਲੋਕ ਵਿੱਚ ਗਏ ਤੇ ਬਾਅਦ ਵਿੱਚ ਮਹਾਵਿਦੇਹ ਖੇਤਰ ਵਿੱਚ ਪੈਦਾ ਹੋ ਕੇ ਸਿੱਧ ਬੁੱਧ ਮੁਕਤ ਹੋਣਗੇ।

## ਸੁਬੁੱਧੀ ਮੰਤਰੀ

ਸ਼ਿਤ ਪ੍ਰਤਿਸ਼ਠਿਤ ਨਾਂਓਂ ਦੇ ਨਗਰ ਵਿੱਚ ਚੰਦਰਕ ਨਾਂਓਂ ਦਾ ਰਾਜਾ ਰਾਜ ਕਰਦਾ ਸੀ। ਉਸ ਦੇ ਮੰਤਰੀ ਦਾ ਨਾਓਂ ਮੰਤਰੀ ਸਾਰ ਸੀ। ਉਸ ਦੇ ਦੋ ਪੁੱਤਰ ਸਨ। ਮੰਤਰੀ ਨੇ ਦੋਹਾਂ ਪੁੱਤਰਾਂ ਨੂੰ ਅਧਿਐਨ ਲਈ ਭੇਜਿਆ। ਪਹਿਲਾ ਆਪਣੇ ਨਾਂਓ ਅਨੁਸਾਰ ਸੁਬੁੱਧੀ, ਕਲਾਵਾਨ ਅਤੇ ਸਾਰੀਆਂ ਵਿੱਦਿਆਵਾਂ ਵਿੱਚ ਨਿਪੁੰਨ ਬਣ ਗਿਆ। ਦੂਸਰਾ ਮੂਰਖ਼ ਅਤੇ ਵਿੱਦਿਆਹੀਣ ਰਿਹਾ। ਗੁਣਾਂ ਦੇ ਅਨੁਸਾਰ ਲੋਕਾਂ ਨੇ ਪਹਿਲੇ ਨੂੰ ਸੁਬੁੱਧੀ ਅਤੇ ਦੂਸਰੇ ਨੂੰ ਦੁਰਬੁੱਧੀ ਕਹਿਣਾ ਸ਼ੁਰੂ ਕਰ ਦਿੱਤਾ।

ਉਸ ਨਗਰੀ ਵਿੱਚ ਧਨ ਨਾਓਂ ਦਾ ਸੇਠ ਰਹਿੰਦਾ ਸੀ। ਜਿਸ ਦੇ ਚਾਰ ਪੁੱਤਰ ਸਨ। ਜਿਨ੍ਹਾਂ ਦੇ ਨਾਂਓ ਜਾਬੜ, ਭਾਬੜ, ਬਾਹੜ ਅਤੇ ਸਾਬੜ ਸੀ। ਆਪਣੇ ਆਖ਼ਰੀ ਸਮੇਂ ਨੂੰ ਜਾਣ ਕੇ ਆਪਣੇ ਪੁੱਤਰਾਂ ਨੂੰ ਕਿਹਾ ਕਿ ਮੇਰੇ ਮਰਨ ਤੋਂ ਬਾਹਰ ਤੁਸੀਂ ਪ੍ਰੇਮ ਨਾਲ ਰਹਿਣਾ। ਮੈਂ ਤੁਹਾਡੇ ਚਾਰੇ ਭਾਈਆਂ ਦੇ ਲਈ ਘਰ ਦੇ ਚਾਰ ਕੋਨਿਆਂ ਵਿੱਚ ਇੱਕ ਕੀਲੇ ਗੱਡੇ ਹਨ, ਮੇਰੀ ਮੌਤ ਤੋਂ ਬਾਅਦ ਉਸ ਨੂੰ ਕੱਢਣਾ। ਸੇਠ ਦੀ ਮੌਤ ਤੋਂ ਬਾਅਦ ਚਾਰੇ ਪੁੱਤਰਾਂ ਨੇ ਚਾਰੇ ਖੂੰਜਿਆਂ ਵਿੱਚ ਗੱਡੇ ਕੀਲੇ ਬਾਹਰ ਕੱਢੇ। ਬੜੇ ਭਾਈ ਦੇ ਨਾਂਓ ਬਾਲਾਂ ਦਾ ਭਰਿਆ ਕਲਸ਼, ਦੂਸਰੇ ਭਾਈ ਦੇ ਨਾਂਓ ਮਿੱਟੀ ਨਾਲ ਭਰਿਆ ਕਲਸ਼, ਤੀਸਰੇ ਭਾਈ ਦੇ ਨਾਓ ਕਾਗਜ਼ਾਂ ਨਾਲ ਭਰਿਆ ਕਲਸ਼ ਅਤੇ ਛੋਟੇ ਭਾਈ ਦੇ ਨਾਓਂ ਰਤਨਾਂ ਨਾਲ ਭਰਿਆ ਕਲਸ਼ ਨਿਕਲਿਆ। ਤਿੰਨੇ ਭਾਈ ਉਦਾਸ ਹੋ ਗਏ ਤਾਂ ਛੋਟਾਂ ਬਹੁਤ ਖ਼ੁਸ਼ ਸੀ। ਉਹ ਆਪਸ ਵਿੱਚ ਝਗੜਨ ਲੱਗੇ। ਛੋਟੇ ਭਾਈ ਨੇ ਕਿਹਾ ਕਿ ਸਾਨੂੰ ਸਾਡੇ ਪਿਤਾ ਨੇ ਅੰਤ ਸਮੇਂ ਪ੍ਰੇਮ ਨਾਲ ਰਹਿਣ ਦੀ ਸਿੱਖਿਆ ਦਿੱਤੀ ਹੈ। ਸਾਨੂੰ ਆਪਸੀ ਪ੍ਰੇਮ ਨਾਲ ਰਹਿਣਾ ਚਾਹੀਦਾ ਹੈ। ਰਾਜੇ ਨੇ ਫ਼ੈਸਲੇ ਲਈ ਮਤੀਸਾਰ ਮੰਤਰੀ ਨੂੰ ਬੁਲਾਇਆ। ਪਰ ਉਹ ਫ਼ੈਸਲਾ ਨਾ ਕਰਵਾ ਸਕਿਆ। ਆਖ਼ਿਰ ਉਸ ਦੇ ਵੱਡੇ ਪੁੱਤਰ ਸੁਬੁੱਧੀ ਨੇ ਕਿਹਾ ਕਿ ਇਸ ਝਗੜੇ ਦਾ ਨਿਪਟਾਰਾ ਮੈਂ ਕਰਾਂਗਾ। ਸੁਬੁੱਧੀ ਨੇ ਚਾਰਾਂ ਪੁੱਤਰਾਂ ਨੂੰ ਏਕਾਂਤ ਵਿੱਚ ਬੁਲਾ ਕੇ ਕਿਹਾ ਕਿ ਤੁਸੀਂ ਲੋਕ ਆਪਸ ਵਿੱਚ ਝਗੜਾ ਨਾ ਕਰੋ। ਤੁਹਾਡੇ ਪਿਤਾ ਜੀ ਬਹੁਤ ਬੁੱਧੀਮਾਨ ਸਨ। ਉਹਨਾਂ ਸੋਚ ਸਮਝ ਕੇ ਵਟਵਾਰਾ ਕੀਤਾ ਹੈ। ਜੋ ਕਲਸ਼ ਬਾਲਾਂ ਨਾਲ ਭਰਿਆ ਹੈ, ਉਸ ਨੂੰ ਸੇਠ ਨੇ ਗਾਂ, ਘੋੜਾ ਪਸ਼ੂ ਧਨ ਦਿੱਤਾ ਹੈ। ਜਿਸ ਦੇ ਘੜੇ

ਵਿੱਚ ਮਿੱਟੀ ਨਿਕਲੀ ਹੈ, ਉਸ ਨੂੰ ਖੇਤੀਬਾੜੀ ਵਾਲੀ ਜ਼ਮੀਨ ਦਿੱਤੀ ਹੈ। ਜਿਸ ਨੂੰ ਕਾਗਜ਼ਾਂ ਨਾਲ ਭਰਿਆ ਕਲਸ਼ ਦਿੱਤਾ ਹੈ, ਉਸ ਨੂੰ ਲੋਕਾਂ ਤੋਂ ਲੈਣ ਵਾਲਾ ਧਨ ਦਿੱਤਾ ਹੈ। ਚੌਥੇ ਪੁੱਤਰ ਨੂੰ ਓਨੇ ਹੀ ਕੀਮਤ ਦਾ ਸੋਨਾ ਅਤੇ ਰਤਨ ਦਿੱਤੇ ਹਨ। ਇਹ ਫ਼ੈਸਲਾ ਸੁਣ ਕੇ ਰਾਜਾ ਖ਼ੁਸ਼ ਹੋਇਆ ਅਤੇ ਉਸ ਨੂੰ ਆਪਣਾ ਮੰਤਰੀ ਪਦ ਦਿੱਤਾ।

ਇੱਕ ਬਾਰ ਇੱਕ ਕੇਵਲ ਗਿਆਨੀ ਉਸ ਪਿੰਡ ਵਿੱਚ ਪਧਾਰੇ। ਉਹਨਾਂ ਤੋਂ ਪਿਛਲੇ ਜਨਮ ਦਾ ਹਾਲ ਸੁਣ ਕੇ ਸੁਬੁੱਧੀ ਮੰਤਰੀ ਆਚਾਰਿਆ ਕੋਲ ਸਾਧੂ ਬਣ ਗਿਆ। ਆਚਾਰਿਆ ਤੋਂ ਲੰਮਾਂ ਸਮਾਂ ਸ਼ਾਸਤਰਾਂ ਦਾ ਗਿਆਨ ਪ੍ਰਾਪਤ ਕਰਕੇ ਅਤੇ ਉਮਰ ਪੂਰੀ ਹੋਣ 'ਤੇ ਉਹ ਪੰਜਵੇਂ ਦੇਵ ਲੋਕ ਵਿੱਚ ਦੇਵਤਾ ਰੂਪ ਵਿੱਚ ਉਤਪੰਨ ਹੋਇਆ।

## ਮੁਨੀ ਮੈਤਾਰਿਆ

ਸਾਕੇਤ ਨਗਰ ਵਿੱਚ ਚੰਦਰਾਵਤੰਸਕ ਨਾਂਅ ਦਾ ਰਾਜਾ ਰਾਜ ਕਰਦਾ ਸੀ। ਉਸ ਦੀਆਂ ਦੋ ਪਤਨੀਆਂ ਸਨ – ਸੁਦਰਸ਼ਨਾ ਤੇ ਪ੍ਰਿਆਦਰਸ਼ਨਾ। ਸੁਦਰਸ਼ਨਾ ਦੇ ਦੋ ਪੁੱਤਰ ਸਨ – ਸਾਗਰ ਚੰਦਰ ਅਤੇ ਮੁਨੀ ਚੰਦਰ। ਪ੍ਰਿਆਦਰਸ਼ਨਾ ਦੇ ਵੀ ਦੋ ਪੁੱਤਰ ਸਨ – ਗੁਣ ਚੰਦਰ ਤੇ ਬਾਲ ਚੰਦਰ। ਸਾਗਰ ਚੰਦਰ ਨੂੰ ਯੁਵਰਾਜ ਬਣਾਇਆ ਗਿਆ ਅਤੇ ਮੁਨੀ ਚੰਦਰ ਨੂੰ ਉਜੈਨੀ ਨਗਰੀ ਸੰਭਾਲੀ ਗਈ। ਇੱਕ ਬਾਰ ਮਹਾਰਾਜਾ ਚੰਦਰਵਤੰਸਕ ਮਾਘ ਮਹੀਨੇ ਵਿੱਚ ਆਪਣੇ ਘਰ ਵਿੱਚ ਪ੍ਰਤੀਮਾ ਵਿੱਚ ਸਥਿਤ ਹੋਇਆ। ਉਸ ਨੇ

ਇਹ ਸੰਕਲਪ ਕੀਤਾ ਕਿ ਜਦ ਤੱਕ ਦੀਵਾ ਜਲਦਾ ਰਹੇਗਾ ਉਦੋਂ ਤੱਕ ਮੈਂ ਪ੍ਰਤਿਮਾ ਵਿੱਚ ਸਥਿਤ ਰਹਾਂਗਾ। ਰਾਜੇ ਦੇ ਨੌਕਰ ਨੇ ਸੋਚਿਆ ਕਿ ਹਨ੍ਹੇਰੇ ਵਿੱਚ ਰਾਜੇ ਨੂੰ ਕਸ਼ਟ ਹੋਵੇਗਾ ਇਸ ਲਈ ਮੈਂ ਦੂਜੇ ਪਹਿਰ ਵਿੱਚ ਤੇਲ ਦੀਵੇ ਵਿੱਚ ਪਾ ਦੇਵਾਂ। ਅੱਧੀ ਰਾਤ ਤੱਕ ਦੀਵਾ ਜਲਦਾ ਰਿਹਾ। ਨੌਕਰ ਨੇ ਫਿਰ ਆ ਕੇ ਉਸ ਵਿੱਚ ਫਿਰ ਤੇਲ ਪਾ ਦਿੱਤਾ। ਜਿਸ ਤੋਂ ਰਾਤ ਦੇ ਤੀਜੇ ਪਹਿਰ ਤੱਕ ਦੀਵਾ ਜਲਦਾ ਰਿਹਾ। ਆਖ਼ਰੀ ਪਹਿਰ ਵਿੱਚ ਉਸ ਨੇ ਦੀਵੇ ਵਿੱਚ ਤੇਲ ਪਾਇਆ, ਜਿਸ ਕਾਰਨ ਸੁਬਹ ਤੱਕ ਦੀਵਾ ਜਲਦਾ ਰਿਹਾ। ਰਾਜਾ ਬਹੁਤ ਕੋਮਲ ਸੀ। ਕਸ਼ਟ ਨਾ ਝੱਲਦਾ ਹੋਇਆ ਉਹ ਸਵਰਗਵਾਸ ਹੋ ਗਿਆ।

ਉਸ ਤੋਂ ਬਾਅਦ ਸਾਗਰ ਚੰਦਰ ਰਾਜਾ ਬਣਿਆ। ਇੱਕ ਦਿਨ ਉਸ ਨੇ ਆਪਣੀ ਮਾਂ ਦੀ ਸੌਕਨ ਨੂੰ ਆਖਿਆ ਕਿ ਤੁਸੀਂ ਆਪਣੇ ਦੋਵੇਂ ਪੁੱਤਰਾਂ ਲਈ ਇਹ ਰਾਜ ਲੈ ਲਵੋ ਮੈਂ ਸਾਧੂ ਬਣ ਜਾਵਾਂਗਾ। ਮੈਨੂੰ ਇਸ ਤੋਂ ਰਾਜ ਪ੍ਰਾਪਤ ਹੋਇਆ ਹੈ। ਇਹ ਸੋਚ ਕੇ ਉਸ ਦੀ ਮਾਂ ਨੇ ਰਾਜ ਲੈਣਾ ਨਾ ਚਾਹਿਆ। ਸਮਾਂ ਪੈਣ ’ਤੇ ਸਾਗਰ ਚੰਦਰ ਨੂੰ ਰਾਜ ਵਿੱਚ ਭਰਪੂਰ ਵੇਖ ਕੇ ਉਸ ਦੀ ਦੂਸਰੀ ਮਾਂ ਨੇ ਸੋਚਿਆ ਕਿ ਇਹ ਮੇਰੇ ਪੁੱਤਰਾਂ ਦੇ ਲਈ ਰਾਜ ਦੇ ਰਿਹਾ ਸੀ ਪਰ ਮੈਂ ਨਹੀਂ ਲਿਆ। ਜੇ ਮੈਂ ਰਾਜ ਲੈ ਲੈਂਦੀ ਤਾਂ ਮੇਰੇ ਦੋਵੇਂ ਪੁੱਤਰ ਇਸੇ ਤਰ੍ਹਾਂ ਹੀ ਸ਼ੋਭਾ ਪਾਉਂਦੇ। ਹੁਣ ਮੈਂ ਇਸ ਨੂੰ ਮਾਰ ਦੇਵਾਂ ਤਾਂ ਰਾਜ ਪ੍ਰਾਪਤ ਕਰ ਸਕਦੀ ਹਾਂ। ਇਹ ਸੋਚ ਕੇ ਉਹ ਮੌਕਾ ਵੇਖਣ ਲੱਗੀ।

ਇੱਕ ਦਿਨ ਸਾਗਰ ਚੰਦਰ ਭੁੱਖ ਨਾਲ ਬਹੁਤ ਪ੍ਰੇਸ਼ਾਨ ਸੀ। ਉਸ ਨੇ ਰਸੋਈਏ ਨੂੰ ਹੁਕਮ ਦਿੱਤਾ ਕਿ ਭੋਜਨ ਇੱਥੇ ਹੀ

ਭੇਜ ਦਿਓ, ਮੈਂ ਮਹਿਲ ਵਿੱਚ ਹੀ ਭੋਜਨ ਕਰਾਂਗਾ। ਰਸੋਈਏ ਨੇ ਸਿੰਘ ਕੇਸਰੀ ਨਾਂ ਦਾ ਲੱਡੂ ਬਣਾ ਕੇ ਦਾਸੀ ਦੇ ਹੱਥ ਭੇਜ ਦਿੱਤਾ। ਪ੍ਰਿਆਦਰਸ਼ਨਾ ਨੇ ਇਹ ਵੇਖ ਲਿਆ। ਉਸ ਨੇ ਦਾਸੀ ਨੂੰ ਆਖਿਆ ਲੱਡੂ ਇੱਧਰ ਲੈ ਕੇ ਆਵੋ ਮੈਂ ਇਸ ਨੂੰ ਵੇਖਾਂਗੀ। ਦਾਸੀ ਨੇ ਉਹ ਲੱਡੂ ਉਸ ਨੂੰ ਦਿਖਾਏ। ਪ੍ਰਿਆਦਰਸ਼ਨਾ ਨੇ ਪਹਿਲਾਂ ਹੀ ਆਪਣੇ ਹੱਥਾਂ ਨੂੰ ਜ਼ਹਿਰ ਨਾਲ ਲਬੇੜ ਰੱਖਿਆ ਸੀ। ਲੱਡੂਆਂ ਨੂੰ ਛੂਹ ਕੇ ਉਸ ਨੇ ਲੱਡੂਆਂ ਨੂੰ ਜ਼ਹਿਰੀਲਾ ਬਣਾ ਦਿੱਤਾ। ਉਹ ਦਾਸੀ ਨੂੰ ਆਖਣ ਲੱਗੀ ਕਿ ਇਹ ਸਿੰਘ ਕੇਸਰੀ ਲੱਡੂ ਹਨ, ਇਨ੍ਹਾਂ ਨੂੰ ਲੈ ਜਾਵੋ। ਉਸ ਨੂੰ ਦਾਸੀ ਨੂੰ ਲੱਡੀ ਦੇ ਦਿੱਤੇ, ਦਾਸੀ ਨੇ ਉਹ ਲੱਡੂ ਰਾਜਾ ਨੂੰ ਅਰਪਣ ਕਰ ਦਿੱਤੇ। ਉਸ ਸਮੇਂ ਦੋਵੇਂ ਰਾਜ ਕੁਮਾਰ ਗੁਣ ਚੰਦਰ ਅਤੇ ਬਾਲ ਚੰਦਰ ਰਾਜਾ ਦੇ ਕੋਲ ਬੈਠੇ ਸਨ। ਰਾਜੇ ਨੇ ਸੋਚਿਆ ਕਿ ਇਹ ਦੋਵੇਂ ਕੁਮਾਰ ਵੀ ਭੁੱਖੇ ਹਨ ਤੇ ਮੈਂ ਇਕੱਲਾ ਇਨ੍ਹਾਂ ਲੱਡੂਆਂ ਨੂੰ ਕਿਵੇਂ ਖਾਵਾਂ। ਉਸ ਨੇ ਲੱਡੂ ਦੇ ਦੋ ਹਿੱਸੇ ਕਰਕੇ ਦੋਹਾਂ ਨੂੰ ਇੱਕ-ਇੱਕ ਹਿੱਸਾ ਦੇ ਦਿੱਤਾ। ਦੋਵੇਂ ਉਸ ਨੂੰ ਖਾਣ ਲੱਗੇ ਤਾਂ ਜ਼ਹਿਰ ਦਾ ਅਸਰ ਦੋਹਾਂ 'ਤੇ ਹੋਇਆ। ਉਹਨਾਂ ਦੇ ਮੂੰਹ 'ਤੇ ਜ਼ਹਿਰ ਜ਼ਾਹਰ ਹੋਣ ਲੱਗਾ। ਰਾਜੇ ਨੇ ਜਲਦੀ ਵਿੱਚ ਵੈਦਾਂ ਨੂੰ ਬੁਲਵਾਇਆ। ਵੈਦਾਂ ਨੇ ਰਾਜਕੁਮਾਰਾਂ ਨੂੰ ਸੋਨਾ ਪਿਘਲਾ ਕੇ ਪਿਲਾਇਆ। ਦੋਵੇਂ ਠੀਕ ਹੋ ਗਏ। ਰਾਜੇ ਨੇ ਦਾਸੀ ਤੋਂ ਸਾਰੀ ਗੱਲਬਾਤ ਪੁੱਛੀ। ਦਾਸੀ ਆਖਣ ਲੱਗੀ ਕਿ ਕਿਸੇ ਨੇ ਇਨ੍ਹਾਂ ਲੱਡੂਆਂ ਨੂੰ ਨਹੀਂ ਵੇਖਿਆ, ਕੇਵਲ ਇਨ੍ਹਾਂ ਰਾਜਕੁਮਾਰਾਂ ਦੀ ਮਾਤਾ ਨੇ ਇਨ੍ਹਾਂ ਲੱਡੂਆਂ ਨੂੰ ਛੂਹਿਆ ਸੀ। ਰਾਜਾ ਨੇ ਪ੍ਰਿਆਦਰਸ਼ਨਾ ਨੂੰ ਬੁਲਾ ਕੇ ਕਿਹਾ ਕਿ ਹੇ ਪਾਪਣ, ਮੈਂ ਤੈਨੂੰ ਰਾਜ ਦੇਣਾ ਚਾਹਿਆ, ਪਰ ਤੂੰ ਇਨਕਾਰ ਕਰ ਦਿੱਤਾ। ਹੁਣ ਤੂੰ ਮੈਨੂੰ

ਮਾਰ ਕੇ ਰਾਜ ਲੈਣ ਦੀ ਕੋਸ਼ਿਸ਼ ਕਰ ਰਹੀ ਹੈਂ। ਤੇਰੀ ਕੋਸ਼ਿਸ਼ ਨਾਲ ਤਾਂ ਮੈਂ ਮਰ ਜਾਂਦਾ। ਇਹ ਸੋਚ ਕੇ ਦੋਵੇਂ ਭਾਈਆਂ ਨੂੰ ਰਾਜ ਦੇ ਕੇ ਰਾਜਾ ਸਾਗਰ ਚੰਦਰ ਸਾਧੂ ਬਣ ਗਿਆ।

ਇੱਕ ਬਾਰ ਉਜੈਨੀ ਨਗਰੀ ਤੋਂ ਸਾਧੂਆਂ ਦਾ ਇੱਕ ਟੋਲਾ ਉੱਥੇ ਆਇਆ। ਦੀਖਿਅਤ ਰਾਜਾ ਸਾਗਰ ਚੰਦਰ ਨੇ ਪੁੱਛਿਆ ਕਿ ਇੱਥੇ ਕੋਈ ਰੌਲਾ ਤਾ ਨਹੀਂ ਹੈ। ਉਹਨਾਂ ਨੇ ਆਖਿਆ ਕਿ ਇੱਥੇ ਰਾਜਕੁਮਾਰ ਅਤੇ ਪ੍ਰੋਹਿਤ ਦਾ ਪੁੱਤਰ ਦੋਵੇਂ ਸਾਧੂਆਂ ਨੂੰ ਰੁਕਾਵਟ ਪਹੁੰਚਾਉਂਦੇ ਹਨ। ਇਸ ਗੱਲ ਤੋਂ ਗੁੱਸੇ ਹੋ ਕੇ ਉਹ ਉਜੈਨੀ ਗਿਆ। ਉੱਥੋਂ ਦੇ ਮੁਨੀਆਂ ਨੇ ਉਸ ਦਾ ਆਦਰ ਸਤਿਕਾਰ ਕੀਤਾ। ਭੀਖਿਆ ਦੇ ਸਮੇਂ ਉਹਨਾਂ ਨੇ ਆਖਿਆ ਕਿ ਸਭ ਦੇ ਲਈ ਭੋਜਨ ਪਾਣੀ ਲੈ ਆਉਣਾ। ਉਸ ਨੇ ਕਿਹਾ ਕਿ ਮੈਂ ਆਤਮ ਲਬਧਿਕ ਹਾਂ। ਤੁਸੀਂ ਮੈਨੂੰ ਘਰ ਦੱਸੋ। ਉਹਨਾਂ ਨੇ ਇੱਕ ਚੇਲੇ ਨੂੰ ਉਸ ਦੇ ਨਾਲ ਭੇਜ ਦਿੱਤਾ। ਉਹ ਉਸੇ ਪ੍ਰੋਹਿਤ ਦਾ ਘਰ ਵਿਖਾ ਕੇ ਵਾਪਸ ਆ ਗਿਆ। ਮੁਨੀ ਸਾਗਰ ਚੰਦਰ ਉੱਚੇ ਸ਼ਬਦਾਂ ਵਿੱਚ ਧਰਮ ਲਾਭ ਆਖਣ ਲੱਗਾ। ਇਹ ਸੁਣ ਕੇ ਔਰਤਾਂ ਵਿੱਚ ਹਾਹਾਕਾਰ ਮੱਚ ਗਈ ਤੇ ਉਹ ਬਾਹਰ ਆਈਆਂ। ਮੁਨੀ ਸਾਗਰ ਚੰਦਰ ਨੇ ਆਖਿਆ ਕਿ ਕੀ ਇਹ ਸ਼੍ਰਾਵਕਾਵਾਂ ਦੇ ਲੱਛਣ ਹਨ ਤਾਂ ਇੰਨੇ ਵਿੱਚ ਰਾਜਕੁਮਾਰ ਅਤੇ ਪੁਰੋਹਿਤ ਦੋਵਾਂ ਨੇ ਬਾਹਰ ਜਾ ਕੇ ਰਸਤਾ ਰੋਕ ਦਿੱਤਾ ਅਤੇ ਬੋਲੇ ਕਿ ਭਗਵਾਨ ਤੁਸੀਂ ਨੱਚੋ। ਮੁਨੀ ਸਾਗਰ ਚੰਦਰ ਆਪਣੇ ਪਾਤਰਾਂ ਨੂੰ ਰੱਖ ਕੇ ਨੱਚਣ ਲੱਗੇ। ਉਹ ਸਾਜ ਵਜਾਉਣਾ ਨਹੀਂ ਜਾਣਦਾ ਸੀ। ਰਾਜਕੁਮਾਰ ਅਤੇ ਪੁਰੋਹਿਤ ਨੇ ਕਿਹਾ ਕਿ ਜੰਗ ਲੜੋ, ਉਹ ਦੋਵੇਂ ਇੱਕੋ ਸਮੇਂ ਸਾਹਮਣੇ ਆਏ। ਮੁਨੀ ਸਾਗਰ ਚੰਦਰ ਨੇ ਉਹਨਾਂ ਦੇ ਗੁਪਤ ਅੰਗ ਤੇ ਪ੍ਰਹਾਰ

ਕੀਤਾ। ਉਹਨਾਂ ਦੀਆਂ ਹੱਡੀਆਂ ਢਿੱਲੀਆਂ ਹੋ ਗਈਆਂ। ਉਹਨਾਂ ਨੇ ਮੁਨੀ ਸਾਗਰ ਚੰਦਰ ਨੂੰ ਛੱਡ ਕੇ ਘਰ ਦਾ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਆਪ ਵੀ ਬਾਹਰ ਚਲੇ ਗਏ। ਰਾਜਾ ਕੋਲ ਸ਼ਿਕਾਇਤ ਪਹੁੰਚੀ। ਰਾਜਾ ਨੇ ਉੱਥੇ ਪਹਿਲਾਂ ਠਹਿਰੇ ਸਾਧੂਆਂ ਨੂੰ ਬੁਲਾਇਆ ਤੇ ਪੁੱਛਿਆ ਕਿ ਤੁਹਾਡੇ ਇੱਥੇ ਕੋਈ ਮਹਿਮਾਨ ਸਾਧੂ ਆਇਆ ਹੈ। ਉਹਨਾਂ ਆਖਿਆ ਕਿ ਆਇਆ ਹੈ ਕਿ ਅਸੀਂ ਨਹੀਂ ਜਾਣਦੇ ਉਹ ਹੁਣ ਕਿੱਥੇ ਹੈ। ਉਸ ਦੀ ਖੋਜ ਕੀਤੀ ਗਈ ਤਾਂ ਮੁਨੀ ਸਾਗਰ ਚੰਦਰ ਬਾਗ ਵਿੱਚ ਮਿਲ ਗਿਆ। ਰਾਜਾ ਉੱਥੇ ਗਿਆ ਅਤੇ ਖਿਮਾ ਮੰਗੀ ਅਤੇ ਰਾਜਕੁਮਾਰ ਅਤੇ ਪੁਰੋਹਿਤ ਪੁੱਤਰ ਨੂੰ ਰੋਗ ਮੁਕਤ ਕਰਨ ਲਈ ਆਖਿਆ। ਮੁਨੀ ਸਾਗਰ ਚੰਦਰ ਬੋਲਿਆ ਕਿ ਜੇਕਰ ਇਹ ਦੋਵੇਂ ਸਾਧੂ ਬਣ ਜਾਣ ਤਾਂ ਹੀ ਮੈਂ ਇਨ੍ਹਾਂ ਦੋਹਾਂ ਨੂੰ ਇਸ ਤਕਲੀਫ਼ ਤੋਂ ਮੁਕਤ ਕਰਾਂਗਾ। ਦੋਹਾਂ ਨੂੰ ਪੁੱਛਿਆ ਗਿਆ ਤਾਂ ਦੋਹਾਂ ਨੇ ਸਾਧੂ ਬਣਨਾ ਸਵੀਕਾਰ ਕਰ ਲਿਆ। ਉਹਨਾਂ ਦੋਹਾਂ ਦੇ ਸਰੀਰ ਦੇ ਅੰਗ ਠੀਕ ਹੋ ਗਏ, ਪਹਿਲਾਂ ਵਾਲੀ ਸਥਿਤੀ ਵਿੱਚ ਆ ਗਏ। ਮੁਨੀ ਸਾਗਰ ਚੰਦਰ ਨੇ ਲੋਚ ਕਰਕੇ ਦੋਹਾਂ ਨੂੰ ਦੀਖਿਅਤ ਕੀਤਾ। ਰਾਜ ਪੁੱਤਰ ਨੇ ਸੋਚਿਆ ਕਿ ਮੇਰੇ ਪਿਤਾ ਨੇ ਠੀਕ ਹੀ ਕੀਤਾ ਹੈ। ਪਰ ਪੁਰੋਹਿਤ ਪੁੱਤਰ ਸਾਧੂਆਂ ਨੂੰ ਚਿੜਣ ਲੱਗਾ। ਉਹ ਸੋਚਦਾ ਸੀ ਕਿ ਮੁਨੀ ਸਾਗਰ ਚੰਦਰ ਨੇ ਮੈਨੂੰ ਕਪਟ ਨਾਲ ਸਾਧੂ ਬਣਾਇਆ ਹੈ। ਉਹ ਦੋਵੇਂ ਮਰ ਕੇ ਦੇਵ ਲੋਕ ਵਿੱਚ ਪੈਦਾ ਹੋਏ। ਦੋਹਾਂ ਨੇ ਇਹ ਸੰਕੇਤ ਦਿੱਤਾ ਕਿ ਜੋ ਦੇਵ ਲੋਕ ਵਿੱਚ ਪਹਿਲਾਂ ਪੈਦਾ ਹੋਵੇਗਾ, ਉਹ ਦੂਸਰੇ ਨੂੰ ਧਰਮ ਦਾ ਗਿਆਨ ਦੇਵੇਗਾ।

ਪੁਰੋਹਿਤ ਪੁੱਤਰ ਦਾ ਜੀਵ ਦੇਵ ਲੋਕ ਤੋਂ ਚੱਲ ਕੇ ਝਗੜੇ ਦੇ ਕਾਰਨ ਰਾਜਗ੍ਰਿਹੀ ਨਗਰੀ ਵਿੱਚ ਇੱਕ ਮਾਤੰਗੀ (ਚੰਡਾਲ ਜਾਤੀ) ਦੇ ਗਰਭ ਵਿੱਚ ਪੈਦਾ ਹੋਇਆ। ਉਸ ਮਾਤੰਗੀ ਦੀ ਸਹੇਲੀ ਇੱਕ ਸੇਠਾਣੀ ਸੀ। ਉਸ ਦੀ ਦੋਸਤੀ ਦਾ ਇੱਕ ਕਾਰਨ ਸੀ ਕਿ ਮਾਤੰਗੀ ਮਾਂਸ ਵੇਚਦੀ ਸੀ। ਇੱਕ ਦਿਨ ਸੇਠਾਣੀ ਨੇ ਮਾਤੰਗੀ ਨੂੰ ਆਖਿਆ ਕਿ ਮਾਂਸ ਵੇਚਣ ਲਈ ਤੂੰ ਕਿਤੇ ਹੋਰ ਨਾ ਜਾਇਆ ਕਰ ਸਾਰਾ ਮਾਂਸ ਮੈਂ ਹੀ ਖਰੀਦ ਲਿਆ ਕਰਾਂਗੀ। ਮਾਤੰਗੀ ਹਰ ਰੋਜ਼ ਮਾਂਸ ਲੈ ਕੇ ਆਉਂਦੀ। ਇਸੇ ਤਰ੍ਹਾਂ ਇਹ ਦੋਸਤੀ ਪਿਆਰ ਵਿੱਚ ਬਦਲ ਲਈ। ਉਹ ਸੇਠਾਣੀ ਮਰੇ ਬੱਚੇ ਜੰਮਦੀ ਸੀ। ਉਸ ਨੇ ਮਰੀ ਹੋਈ ਇੱਕ ਲੜਕੀ ਨੂੰ ਜਨਮ ਦਿੱਤਾ। ਤਦ ਮਾਤੰਗੀ ਨੇ ਇਕਾਂਤ ਵਿੱਚ ਸੇਠਾਣੀ ਨੂੰ ਆਪਣਾ ਪੁੱਤਰ ਦੇ ਦਿੱਤਾ ਅਤੇ ਆਪ ਮਰੀ ਹੋਈ ਕੁੜੀ ਲੈ ਕੇ ਆ ਗਈ। ਉਹ ਸੇਠਾਣੀ ਮਾਤੰਗੀ ਦੇ ਪੈਰਾਂ ਵਿੱਚ ਉਸ ਪੁੱਤਰ ਨੂੰ ਲਿਟਾਉਂਦੀ ਤੇ ਆਖਦੀ ਕਿ ਇਹ ਤੇਰੇ ਕਾਰਨ ਹੀ ਜੀਅ ਸਕਦਾ ਹੈ। ਉਸ ਦਾ ਨਾਂਅ ਮੈਤਾਰਿਆ ਰੱਖਆ ਗਿਆ। ਉਹ ਵੱਡਾ ਹੋਣ ਲੱਗਾ। ਉਸ ਨੇ ਅਨੇਕਾਂ ਕਲਾਵਾਂ ਸਿੱਖੀਆਂ। ਉਸ ਦੇ ਮਿੱਤਰ ਦੇਵ ਨੇ ਉਸ ਨੂੰ ਧਰਮ ਦਾ ਸੰਦੇਸ਼ ਦਿੱਤਾ ਪਰ ਉਸ 'ਤੇ ਕੋਈ ਅਸਰ ਨਾ ਹੋਇਆ ਤਾਂ ਇੱਕ ਦਿਨ ਮਾਤਾ ਪਿਤਾ ਨੇ ਉਸ ਦੀ ਸ਼ਾਦੀ ਅੱਠ ਲੜਕੀਆਂ ਨਾਲ ਕਰ ਦਿੱਤੀ। ਸ਼ਹਿਰ ਵਿੱਚ ਉਹ ਪਾਲਕੀ ਵਿੱਚ ਘੁੰਮਣ ਲੱਗਾ। ਇੱਧਰ ਉਹ ਮਿੱਤਰ ਦੇਵਤਾ ਉਸ ਦੇ ਸਰੀਰ ਵਿੱਚ ਪ੍ਰਵੇਸ਼ ਹੋਇਆ ਅਤੇ ਰੋਣ ਲੱਗਾ। ਮਾਤੰਗ ਨੇ ਸਰੀਰ ਵਿੱਚ ਸਥਿਤ ਦੇਵਤਾ ਨੂੰ ਆਖਿਆ ਕਿ ਜੇ ਮੇਰੀ ਧੀ ਜਿਉਂਦੀ ਹੁੰਦੀ ਤਾਂ ਅੱਜ ਮੈਂ ਉਸ ਦਾ ਵਿਆਹ ਇਸ ਦੇ ਨਾਲ

ਕਰਕੇ ਖ਼ੁਸ਼ ਹੁੰਦਾ ਅਤੇ ਸਾਰੇ ਮਾਤੰਗਾਂ ਨੂੰ ਭੋਜਨ ਕਰਾਉਂਦਾ। ਤਦ ਉਸ ਮਾਤੰਗੀ ਨੇ ਆ ਕੇ ਆਪਣੇ ਪੁੱਤਰ ਨੂੰ ਸਾਰਾ ਬਿਰਤਾਂਤ ਦੱਸਿਆ। ਇਹ ਸੁਣ ਕੇ ਮਾਤੰਗ ਗੁੱਸੇ ਹੋ ਗਿਆ ਅਤੇ ਦੇਵਤੇ ਦੇ ਪ੍ਰਭਾਵ ਨਾਲ ਪਾਲਕੀ ਵਿੱਚ ਬੈਠੇ ਮਾਤੰਗ ਨੂੰ ਹੇਠਾਂ ਟੋਏ ਵਿੱਚ ਗਿਰਾਉਂਦਾ ਹੋਇਆ ਆਖਣ ਲੱਗਾ ਕਿ ਤੁਸੀਂ ਨਾ ਵਿਖਣ ਵਾਲੀਆਂ ਕੰਨਿਆਵਾਂ ਨਾਲ ਵਿਆਹ ਕਰਾਉਣ ਜਾ ਰਹੇ ਹੋ। ਮੈਤਾਰਿਆ ਨੇ ਕਿਹਾ ਕਿ ਕਿਵੇਂ ? ਉਸ ਨੇ ਆਖਿਆ ਕਿ ਤੁਹਾਡਾ ਕੋਈ ਵਰਨ ਨਹੀਂ ਤੁਸੀਂ ਅਵਰਨ ਹੋ। ਮੈਤਾਰਿਆ ਨੇ ਆਖਿਆ ਕਿ ਕੁਝ ਸਮੇਂ ਲਈ ਮੈਨੂੰ ਮੁਕਤ ਕਰ ਦਿਓ। ਮੈਂ ਬਾਰਾਂ ਸਾਲ ਤੱਕ ਘਰ ਵਿੱਚ ਰਹਾਂਗਾ। ਦੇਵਤੇ ਨੇ ਕਿਹਾ ਕਿ ਫਿਰ ਮੈਂ ਤੇਰੇ ਲਈ ਕੀ ਕਰਾਂ ? ਮੈਤਾਰਿਆ ਨੇ ਕਿਹਾ ਕਿ ਤੁਸੀਂ ਮੇਰੀ ਰਾਜੇ ਦੀ ਲੜਕੀ ਨਾਲ ਸ਼ਾਦੀ ਕਰਵਾ ਦਿਓ। ਇਸ ਤੋਂ ਸਾਰੀਆਂ ਗੱਲਾਂ ਸਪੱਸ਼ਟ ਹੋ ਜਾਣਗੀਆਂ ਅਤੇ ਮੇਰਾ ਨੀਚ ਕੁੱਲ ਧੁਲ ਜਾਵੇਗਾ। ਦੇਵਤੇ ਨੇ ਉਸ ਨੂੰ ਬੱਕਰਾ ਦਿੱਤਾ। ਉਹ ਮੀਂਗਣਾਂ ਦੇ ਬਦਲੇ ਰਤਨ ਸੁੱਟਦਾ ਸੀ। ਉਸ ਨੇ ਰਤਨਾਂ ਦਾ ਥਾਲ ਭਰ ਲਿਆ। ਮੈਤਾਰਿਆ ਨੇ ਆਪਣੇ ਪਿਤਾ ਨੂੰ ਆਖਿਆ ਕਿ ਇਹ ਰਤਨਾਂ ਦਾ ਥਾਲ ਰਾਜੇ ਤੋਂ ਉਸ ਦੀ ਕੰਨਿਆ ਦੀ ਮੰਗ ਕਰੋ। ਪਿਤਾ ਨੇ ਰਾਜੇ ਨੂੰ ਰਤਨਾਂ ਦਾ ਥਾਲ ਭੇਟ ਕੀਤਾ। ਰਾਜੇ ਨੇ ਪੁੱਛਿਆ ਕੀ ਚਾਹੁੰਦੇ ਹੋ। ਉਹ ਆਖਣ ਲੱਗਾ ਕਿ ਆਪਣੇ ਪੁੱਤਰ ਦਾ ਵਿਆਹ ਤੁਹਾਡੀ ਪੁੱਤਰੀ ਨਾਲ ਚਾਹੁੰਦਾ ਹਾਂ। ਰਾਜੇ ਨੇ ਉਸ ਦਾ ਤਿਰਸਕਾਰ ਕਰਕੇ ਕੱਢ ਦਿੱਤਾ। ਉਹ ਹਰ ਰੋਜ਼ ਰਤਨਾਂ ਦਾ ਥਾਲ ਭਰ ਕੇ ਰਾਜਾ ਕੋਲ ਜਾਂਦਾ ਪਰ ਰਾਜਾ ਉਸ ਦੇ ਲੜਕੇ ਲਈ ਆਪਣੀ ਕੰਨਿਆ ਦੇਣ ਲਈ ਤਿਆਰ ਨਾ ਹੁੰਦਾ।

ਇੱਕ ਦਿਨ ਅਭੈ ਕੁਮਾਰ ਨੇ ਪੁੱਛਿਆ ਇੰਨੇ ਰਤਨ ਕਿੱਥੋਂ ਲਿਆਂਦੇ ਹਨ ਤਾਂ ਉਹ ਬੋਲਿਆ ਕਿ ਮੇਰਾ ਬੱਕਰਾ ਹਰ ਰੋਜ਼ ਰਤਨ ਦਿੰਦਾ ਹੈ। ਅਭੈ ਕੁਮਾਰ ਨੇ ਕਿਹਾ ਕਿ ਮੈਨੂੰ ਉਹ ਬੱਕਰਾ ਵਿਖਾਓ। ਉਹ ਬੱਕਰੇ ਨੂੰ ਲੈ ਕੇ ਆਇਆ। ਉਸ ਨੇ ਉੱਥੇ ਬੜੀ ਬਦਬੂ ਵਾਲੀਆਂ ਮੀਂਗਣਾ ਕੀਤੀਆਂ। ਅਭੈ ਕੁਮਾਰ ਨੇ ਆਖਿਆ ਕਿ ਇਹ ਦੇਵਤਾ ਪ੍ਰਭਾਵ ਹੈ। ਇਸ ਦੀ ਪ੍ਰੀਖਿਆ ਕਰਨੀ ਚਾਹੀਦੀ ਹੈ। ਅਭੈ ਕੁਮਾਰ ਨੇ ਮਾਤੰਗ ਨੂੰ ਕਿਹਾ ਕਿ ਮਹਾਰਾਜਾ ਸ਼੍ਰੇਣਿਕ ਭਗਵਾਨ ਮਹਾਵੀਰ ਨੂੰ ਨਮਸਕਾਰ ਕਰਨ ਲਈ ਵਿਵਹਾਰ ਪਰਬਤ 'ਤੇ ਜਾਂਦੇ ਹਨ। ਰਸਤਾ ਬਹੁਤ ਔਖਾ ਹੈ। ਇਸ ਲਈ ਰਥ ਵਾਲਾ ਰਸਤਾ ਤਿਆਰ ਕਰੋ। ਮਾਤੰਗ ਨੇ ਰਥ ਵਾਲਾ ਰਸਤਾ ਤਿਆਰ ਕਰ ਦਿੱਤਾ। ਇਹ ਰਸਤਾ ਅੱਜ ਵੀ ਮੌਜੂਦ ਹੈ। ਅਭੈ ਕੁਮਾਰ ਨੇ ਕਿਹਾ ਕਿ ਸੋਨੇ ਦੀ ਕੰਧ ਬਣਾ ਦਿਓ। ਉਸ ਨੇ ਅਜਿਹਾ ਹੀ ਕਰ ਦਿੱਤਾ। ਅਭੈ ਕੁਮਾਰ ਨੇ ਫਿਰ ਆਖਿਆ ਕਿ ਜੇ ਇੱਥੇ ਸਮੁੰਦਰ ਨੂੰ ਲਿਆ ਕੇ ਉਸ ਤੋਂ ਇਸ਼ਨਾਨ ਕਰਕੇ ਤਾਂ ਤੁਹਾਨੂੰ ਲੜਕੀ ਦੇ ਦਿੱਤੀ ਜਾਵੇਗੀ। ਉਹ ਸਮੁੰਦਰ ਦਾ ਪਾਣੀ ਲੈ ਗਿਆ ਅਤੇ ਉਹ ਇਸ਼ਨਾਨ ਕਰਕੇ ਸ਼ੁੱਧ ਹੋ ਗਿਆ। ਰਾਜੇ ਨੇ ਪਾਲਕੀ ਵਿੱਚ ਘੁੰਮਦੇ ਹੋਏ ਉਸ ਦੇ ਲੜਕੇ ਦਾ ਵਿਆਹ ਆਪਣੀ ਪੁੱਤਰੀ ਨਾਲ ਕਰ ਦਿੱਤਾ। ਸਾਰੀਆਂ ਪਹਿਲਾਂ ਵਿਆਹੀਆਂ ਹੋਈਆਂ ਲੜਕੀਆਂ ਵਿੱਚ ਇਹ ਲੜਕੀ ਵੀ ਸ਼ਾਮਲ ਹੋ ਗਈ। ਇਸ ਤਰ੍ਹਾਂ ਬਾਰਾਂ ਸਾਲ ਤੱਕ ਭੋਗ ਭੋਗਦਾ ਰਿਹਾ। ਦੇਵਤੇ ਨੇ ਫਿਰ ਉਸ ਨੂੰ ਯਾਦ ਕਰਵਾਇਆ ਤਾਂ ਉਸ ਨੇ ਔਰਤਾਂ ਦੀ ਰਾਖੀ ਲਈ ਬਾਰਾਂ ਸਾਲ ਹੋਰ ਮੰਗੇ। ਦੇਵਤੇ ਨੇ ਉਹ ਵੀ ਮੰਗ ਪੂਰੀ ਕਰ ਦਿੱਤੀ। ਚੌਬੀ ਸਾਲ ਪੂਰੇ ਹੋਣ ਤੋਂ ਬਾਅਦ ਮੈਤਾਰਿਆ ਸਾਧੂ ਬਣ ਗਿਆ।

ਮੈਤਾਰਿਆ ਨੇ 9 ਪੂਰਬਾਂ ਦਾ ਅਧਿਐਨ ਕੀਤਾ। ਇਕੱਲੇ ਘੁੰਮਣ ਦੀ ਪ੍ਰਤਿੱਗਿਆ ਲੈ ਕੇ ਉਹ ਰਾਜਗ੍ਰਹੀ ਨਗਰੀ ਵਿੱਚ ਘੁੰਮਣ ਲੱਗਾ।

ਇੱਕ ਦਿਨ ਉਹ ਇੱਕ ਸੁਨਿਆਰ ਦੇ ਘਰ ਗਿਆ। ਉਹ ਸੁਨਿਆਰ ਮਹਾਰਾਜਾ ਸ਼੍ਰੇਣਿਕ ਦੇ ਲਈ 800 ਸੋਨੇ ਦੇ ਜੌਂ ਬਣਾ ਰਿਹਾ ਸੀ। ਸ਼੍ਰੇਣਿਕ ਜੈਨ ਮੰਦਿਰ ਵਿੱਚ ਪੂਜਾ ਲਈ ਤਿੰਨੋਂ ਸਮੇਂ ਜਾਂਦਾ ਸੀ। ਇਸ ਲਈ ਜੌਆਂ ਦਾ ਨਿਰਮਾਣ ਹੋ ਰਿਹਾ ਸੀ। ਮੁਨੀ ਮੈਤਾਰਿਆ ਉਸ ਸੁਨਿਆਰ ਦੇ ਘਰ ਗਏ। ਇੱਕ ਬਾਰ ਆਖਣ 'ਤੇ ਉਸ ਨੂੰ ਭੀਖਿਆ ਨਾ ਮਿਲੀ। ਉਹ ਉੱਥੋਂ ਵਾਪਸ ਆ ਗਏ। ਸੁਨਿਆਰ ਦੇ ਜੌਂ ਇੱਕ ਕਾਂ ਖਾ ਗਿਆ। ਸੁਨਿਆਰ ਨੇ ਜਦ ਵੇਖਿਆ ਤਾਂ ਉਸ ਨੂੰ ਜੌਂ ਨਹੀਂ ਮਿਲੇ। ਰਾਜਾ ਦੀ ਪੂਜਾ ਦਾ ਸਮਾਂ ਹੋ ਗਿਆ। ਸੁਨਿਆਰ ਨੇ ਸੋਚਿਆ ਕਿ ਰਾਜਾ ਅੱਜ ਮੇਰੀ ਹੱਡੀ ਪਸਲੀ ਤੋੜ ਦੇਵੇਗਾ। ਸੁਨਿਆਰ ਨੂੰ ਸਾਧੂ 'ਤੇ ਸ਼ੱਕ ਹੋਇਆ। ਉਸ ਨੇ ਮੈਤਾਰਿਆ ਮੁਨੀ ਨੂੰ ਜੌਆਂ ਦੇ ਬਾਰੇ ਪੁੱਛਿਆ ਤਾਂ ਮੈਤਾਰਿਆ ਮੁਨੀ ਚੁੱਪ ਰਹੇ। ਤਾਂ ਸੁਲਿਆਰ ਨੇ ਮੈਤਾਰਿਆ ਮੁਨੀ ਦੇ ਸਿਰ 'ਤੇ ਗਿੱਲਾ ਚਮੜਾ ਬੰਨ੍ਹ ਦਿੱਤਾ। ਮੈਤਾਰਿਆ ਮੁਨੀ ਨੂੰ ਕਿਹਾ ਕਿ ਦੱਸੋ ਇਹ ਜੌਂ ਕਿੱਥੇ ਹਨ। ਕੁਝ ਹੀ ਸਮਾਂ ਪਹਿਲਾਂ ਮੈਂ ਇੱਥੇ ਜੌਂ ਰੱਖੇ ਸੀ ਉਹ ਕਿੱਥੇ ਨੇ। ਕੁਝ ਸਮਾਂ ਬਾਅਦ ਹੀ ਮੈਤਾਰਿਆ ਮੁਨੀ ਦੀਆਂ ਅੱਖਾਂ ਬਾਹਰ ਆ ਗਈਆਂ। ਕਾਂ ਪੰਛੀ ਉੱਥੇ ਆ ਬੈਠਿਆ। ਸੁਨਿਆਰ ਦੇ ਘਰ ਵਿੱਚ ਲੱਕੜੀ ਕੱਟੀ ਜਾ ਰਹੀ ਸੀ ਤਾਂ ਲੜਕੀ ਦਾ ਇੱਕ ਟੁਕੜਾ ਕਾਂ ਦੇ ਗਲ ਵਿੱਚ ਵੱਜਿਆ। ਜਿਸ ਨਾਲ ਕਾਂ ਨੇ ਸੋਨੇ ਦੇ ਸਾਰੇ ਜੌਂ ਉਗਲ ਦਿੱਤੇ। ਇੱਧਰ ਮੈਤਾਰਿਆ ਮੁਨੀ ਨੂੰ ਕੇਵਲ ਗਿਆਨ ਹੋ ਗਿਆ ਅਤੇ ਉਹ

ਸਿੱਧ ਬੁੱਧ ਮੁਕਤ ਹੋ ਗਿਆ। ਲੋਕਾਂ ਨੇ ਆ ਕੇ ਮੈਤਾਰਿਆ ਮੁਨੀ ਨੂੰ ਮਰੀ ਅਵਸਥਾ ਵਿੱਚ ਵੇਖਿਆ। ਗੱਲ ਰਾਜੇ ਤੱਕ ਪਹੁੰਚੀ। ਰਾਜੇ ਨੇ ਸੁਨਿਆਰ ਨੂੰ ਮੌਤ ਦੀ ਸਜ਼ਾ ਸੁਣਾਉਣ ਦਾ ਹੁਕਮ ਦਿੱਤਾ। ਕਤਲ ਕਰਨ ਵਾਲੇ ਸੁਨਿਆਰ ਦੇ ਘਰ ਆਏ। ਸੁਨਿਆਰ ਦੇ ਸਾਰੇ ਘਰ ਦੇ ਮੈਂਬਰ ਦਰਵਾਜਾ ਬੰਦ ਕਰਕੇ ਆਪਣੇ ਆਪ ਸਾਧੂ ਬਣ ਗਏ ਅਤੇ ਆਖਣ ਲੱਗੇ ਕਿ ਸ੍ਰਾਵਕ ਜੀ ਧਰਮ ਵਿੱਚ ਅੱਗੇ ਵਧੋ। ਇਹ ਗੱਲ ਸੁਣ ਕੇ ਰਾਜੇ ਨੇ ਉਹਨਾਂ ਸਾਧੂਆਂ ਨੂੰ ਮੁਕਤ ਕਰ ਦਿੱਤਾ ਅਤੇ ਆਖਿਆ ਕਿ ਜੇ ਮੁਨੀ ਪੁਣਾ ਛੱਡ ਕੇ ਘਰ ਵਿੱਚ ਆਏ ਤਾਂ ਸਾਰਿਆਂ ਨੂੰ ਤੇਲ ਦੇ ਬਲਦੇ ਕੜਾਹੇ ਵਿੱਚ ਬਾਲ ਦੇਵਾਂਗਾ।

## ਬਲਕਲਚੀਰੀ

ਗੰਧਰ ਸੁਧਰਮਾ ਸੁਆਮੀ ਧਰਮ ਪ੍ਰਚਾਰ ਕਰਦੇ ਹੋਏ ਚੰਪਾ ਨਗਰੀ ਵਿੱਚ ਪਧਾਰੇ। ਰਾਜਾ ਕੋਨਿਕ ਨਮਸਕਾਰ ਕਰਨ ਲਈ ਆਇਆ। ਉਸ ਦੀ ਨਜ਼ਰ ਮੁਨੀ ਜੰਬੂ ਕੁਮਾਰ 'ਤੇ ਪਈ। ਉਸ ਦੀ ਖੂਬਸੂਰਤੀ ਨੂੰ ਵੇਖ ਕੇ ਉਹ ਹੈਰਾਨ ਹੋਇਆ। ਉਸ ਨੇ ਸੁਧਰਮਾ ਸੁਆਮੀ ਤੋਂ ਪੁੱਛਿਆ ਕਿ ਭਗਵਾਨ ਇਸ ਵਿਸ਼ਾਲ ਪਰਿਸ਼ਦ ਵਿੱਚ ਇਹ ਮੁਨੀ ਘੀ ਰਾਹੀਂ ਸਿੰਜੀ ਅੱਗ ਦੀ ਤਰ੍ਹਾਂ ਪ੍ਰਕਾਸ਼ਮਾਨ ਅਤੇ ਮਨੋਹਰ ਹੈ। ਇਸ ਦਾ ਕੀ ਕਾਰਨ ਹੈ ? ਕੀ ਮੈਂ ਇਹ ਮੰਨਾਂ ਕਿ ਇਸ ਨੇ ਪਿਛਲੇ ਜਨਮ ਵਿੱਚ ਸ਼ੀਲ ਦਾ ਪਾਲਣ ਕੀਤਾ ਸੀ, ਤਪੱਸਿਆ ਅਤੇ ਦਾਨ ਦਿੱਤਾ ਸੀ। ਜਿਸ ਕਾਰਨ ਇਸ ਨੂੰ ਅਜਿਹੀ ਸੁੰਦਰਤਾ ਪ੍ਰਾਪਤ ਹੋਈ ਹੈ।

ਸੁਧਰਮਾ ਸੁਆਮੀ ਨੇ ਆਖਿਆ ਕਿ ਹੇ ਰਾਜਨ ! ਸੁਣੋ, ਤੁਹਾਡੇ ਪਿਤਾ ਮਹਾਰਾਜਾ ਸ਼੍ਰੇਣਿਕ ਨੇ ਭਗਵਾਨ ਮਹਾਵੀਰ ਤੋਂ ਇੱਕ ਬਾਰ ਪ੍ਰਸ਼ਨ ਪੁੱਛਿਆ ਤਾਂ ਭਗਵਾਨ ਮਹਾਵੀਰ ਨੇ ਉੱਤਰ ਦਿੱਤਾ, ''ਇੱਕ ਬਾਰ ਮੈਂ (ਮਹਾਵੀਰ) ਰਾਜਗ੍ਰਹੀ ਨਗਰੀ ਦੇ ਗੁਣਸ਼ੀਲ ਚੈਤਯ (ਬਗੀਚੇ) ਵਿੱਚ ਠਹਿਰੇ ਹੋਇਆ ਸੀ। ਰਾਜਾ ਸ਼੍ਰੇਣਿਕ ਤੀਰਥੰਕਰ ਦੀ ਉਪਾਸਨਾ ਕਰਨ ਦੇ ਲਈ ਆਪਣੇ ਮਹਿਲ ਵਿੱਚੋਂ ਨਿਕਲਿਆ। ਉਸ ਦੇ ਅੱਗੇ-ਅੱਗੇ ਦੋ ਆਦਮੀ ਆਪਸ ਵਿੱਚ ਗੱਲਾਂ ਕਰਦੇ ਜਾ ਰਹੇ ਸਨ। ਉਹਨਾਂ ਨੇ ਇੱਕ ਮੁਨੀ ਨੂੰ ਸੂਰਜ ਦੀ ਗਰਮੀ ਲੈਂਦੇ ਹੋਏ ਵੇਖਿਆ। ਇਹ ਮੁਨੀ ਦੋਵੇਂ ਬਾਹਾਂ ਨੂੰ ਉੱਪਰ ਚੁੱਕ ਕੇ ਇੱਕ ਪੈਰ 'ਤੇ ਖੜ੍ਹਾ ਸੀ। ਉਨ੍ਹਾਂ ਵਿੱਚੋਂ ਇੱਕ ਬੋਲਿਆ, ਇਹ ਮਹਾਤਮਾ ਸੂਰਜ ਵੱਲ ਮੂੰਹ ਕਰਕੇ ਗਰਮੀ ਲੈ ਰਿਹਾ ਹੈ। ਦੂਸਰੇ ਆਦਮੀ ਨੇ ਮੁਨੀ ਨੂੰ ਪਛਾਣ ਲਿਆ, ਉਹ ਆਖਣ ਲੱਗਾ ਕਿ ਤੁਸੀਂ ਨਹੀਂ ਜਾਣਦੇ ਇਹ ਮਹਾਰਾਜਾ ਪ੍ਰਸੰਨ ਚੰਦਰ ਹੈ। ਇਸ ਦਾ ਕਿਹਾ ਇਸ ਤਰ੍ਹਾਂ ਦਾ ਧਰਮ। ਇਸ ਨੇ ਆਪਣੇ ਛੋਟੇ ਬੱਚੇ ਨੂੰ ਰਾਜ ਦੇ ਕੇ ਦੀਖਿਆ ਲਈ ਹੈ। ਇਹ ਬੱਚਾ ਰਾਜਾ ਮੰਤਰੀਆਂ ਰਾਹੀਂ ਗੱਦੀ ਤੋਂ ਲਾਹ ਦਿੱਤਾ ਜਾਵੇਗਾ। ਇਸ ਨੇ ਰਾਜ ਦਾ ਨਾਸ਼ ਕਰ ਦਿੱਤਾ ਹੈ। ਹੁਣ ਪਤਾ ਨਹੀਂ ਮਹਿਲ ਵਿੱਚ ਕੀ ਹੋਵੇਗਾ।

ਧਿਆਨ ਵਿੱਚ ਵਿਘਨ ਪਾਉਣ ਵਾਲੇ ਬਚਨ ਨੂੰ ਸੁਣ ਕੇ ਮੁਨੀ ਨੇ ਸੋਚਿਆ ਵੇਖੋ ਮੈਂ ਗਲਤ ਮੰਤਰੀਆਂ ਨੂੰ ਹਰ ਰੋਜ਼ ਸਨਮਾਨਤ ਕਰਦਾ ਰਿਹਾ। ਹੁਣ ਉਹ ਮੇਰੇ ਪੁੱਤਰ ਦੇ ਉਲਟ ਹੋ ਗਏ ਹਨ। ਜੇ ਮੈਨੂੰ ਪਹਿਲਾਂ ਪਤਾ ਹੁੰਦਾ ਤਾਂ ਮੈਂ ਅਜਿਹੇ ਮੰਤਰੀਆਂ 'ਤੇ ਕਾਬੂ ਪਾ ਲੈਂਦਾ। ਇਹ ਸੋਚਦੇ ਹੋਏ ਮੁਨੀ ਨੂੰ ਉਸ

ਕਾਰਨ ਵਰਤਮਾਨ ਵਿੱਚ ਹੋਈਆਂ ਘਟਨਾਵਾਂ ਦਿਖਾਈ ਦੇਣ ਲੱਗੀ। ਉਹ ਮਨ ਹੀ ਮਨ ਸਿਪਾਹੀਆਂ ਨਾਲ ਯੁੱਧ ਕਰਨ ਲੱਗਾ। ਉਸੇ ਸਮੇਂ ਤੀਰਥੰਕਰ ਦੇ ਦਰਸ਼ਨ ਕਰਨ ਲਈ ਰਾਜਾ ਸ਼੍ਰੇਣਿਕ ਆਇਆ। ਮੁਨੀ ਨੂੰ ਵੇਖ ਕੇ ਉਸ ਨੇ ਨਿਮਰਤਾ ਨਾਲ ਨਮਸਕਾਰ ਕੀਤੀ ਅਤੇ ਵੇਖਿਆ ਕਿ ਧਿਆਨ ਵਿੱਚ ਮੁਨੀ ਅਡੋਲ ਖੜ੍ਹਾ ਹੈ। ਰਾਜੇ ਨੇ ਮਨ ਹੀ ਮਨ ਵਿੱਚ ਸੋਚਿਆ ਕਿ ਰਾਜਾ ਪ੍ਰਸੰਨ ਚੰਦਰ ਤਪੱਸਿਆ ਵਿੱਚ ਕਿੰਨਾ ਮਹਾਨ ਹੈ। ਇਹ ਸੋਚਦਾ ਹੋਇਆ ਰਾਜਾ ਸ਼੍ਰੇਣਿਕ ਤੀਰਥੰਕਰ ਮਹਾਵੀਰ ਦੇ ਕੋਲ ਪੁੱਜਾ। ਬਿਨੈ ਵੰਦਨਾਂ ਪੂਰਵਕ ਨਮਸਕਾਰ ਕਰਕੇ ਉਸ ਨੇ ਭਗਵਾਨ ਤੋਂ ਪੁੱਛਿਆ ਕਿ ਭਗਵਾਨ ਮੈਂ ਜਿਸ ਸਮੇਂ ਮੁਨੀ ਪ੍ਰਸੰਨ ਚੰਦਰ ਨੂੰ ਵੰਦਨਾ ਕੀਤੀ, ਜੇ ਉਹ ਉਸ ਸਮੇਂ ਮਰ ਜਾਂਦਾ ਤਾਂ ਉਸ ਦੀ ਅਗਲੀ ਗਤੀ ਕੀ ਹੋਣੀ ਸੀ ? ਭਗਵਾਨ ਨੇ ਉੱਤਰ ਦਿੱਤਾ ਸੱਤਵੀਂ ਨਰਕ। ਸ਼੍ਰੇਣਿਕ ਨੇ ਸੋਚਿਆ ਮੁਨੀਆਂ ਦਾ ਨਰਕ ਨਾਲ ਕੀ ਕੰਮ ? ਉਸ ਨੇ ਫਿਰ ਦੁਬਾਰਾ ਪੁੱਛਿਆ ਕਿ ਭਗਵਾਨ ਜੇ ਮੁਨੀ ਪ੍ਰਸੰਨ ਚੰਦਰ ਹੁਣ ਮਰ ਜਾਵੇ ਤਾਂ ਉਸ ਦੀ ਕਿਹੜੀ ਗਤੀ ਹੋਵੇਗੀ। ਭਗਵਾਨ ਨੇ ਉੱਤਰ ਦਿੱਤਾ ਸਵਰਗ ਸਰਵਾਰਥ ਸਿੱਧ ਮਹਾ ਬਿਮਾਨ। ਸ਼੍ਰੇਣਿਕ ਨੇ ਪੁੱਛਿਆ, ਇਹ ਦੋ ਗੱਲਾਂ ਕਿਵੇਂ ? ਤਪੱਸਵੀਆਂ ਦਾ ਨਰਕ ਅਤੇ ਦੇਵ ਲੋਕ ਵਿੱਚ ਇੱਕੋ ਸਮੇਂ ਜਾਣਾ ਕਿਵੇਂ ਸੰਭਵ ਹੈ ? ਭਗਵਾਨ ਮਹਾਵੀਰ ਨੇ ਕਿਹਾ ਧਿਆਨ ਨਾਲ ਅਜਿਹਾ ਹੁੰਦਾ ਹੈ। ਸ਼੍ਰੇਣਿਕ ਨੇ ਪੁੱਛਿਆ, ਇਹ ਕਿਵੇਂ ਹੋਇਆ ? ਭਗਵਾਨ ਨੇ ਉੱਤਰ ਦਿੱਤਾ, ਤੁਹਾਡੇ ਅੱਗੇ ਚੱਲਣ ਵਾਲੇ ਪੁਰਸ਼ ਦੇ ਮੂੰਹ ਤੋਂ ਉਸ ਨੇ ਆਪਣੇ ਪੁੱਤਰ ਦਾ ਗੱਦੀ ਤੋਂ ਲਹਿਣਾ ਸੁਣ ਕੇ ਮੁਨੀ ਜੀਵਨ ਦੇ ਅੰਦਰ ਦੀ ਭਾਵਨਾ (ਸੰਸਕਾਰ) ਛੱਡ ਦਿੱਤੇ।

ਜਦ ਤੂੰ ਉਸ ਨੂੰ ਨਮਸਕਾਰ ਕਰ ਰਿਹਾ ਸੀ ਤਦ ਉਹ ਆਪਣੇ ਅਧੀਨ ਮੰਤਰੀਆਂ ਨਾਲ ਆਪਣੇ ਪੈਰਾਂ ਨਾਲ ਯੁੱਧ ਕਰ ਰਿਹਾ ਸੀ। ਇਸ ਲਈ ਉਸ ਸਮੇਂ ਉਹ ਨਰਕ ਦੀ ਜੂਨ ਵਿੱਚ ਸੀ। ਜਦ ਤੁਸੀਂ ਅੱਗੇ ਵਧੇ ਤਾਂ ਮੁਨੀ ਪ੍ਰਸੰਨ ਚੰਦਰ ਯੁੱਧ ਸਮੱਗਰੀ ਦੀ ਸ਼ਕਤੀ ਤੋਂ ਰਹਿਤ ਹੋ ਕੇ ਆਪਣੇ ਸਿਰ 'ਤੇ ਹੱਥ ਰੱਖਿਆ ਤਾਂ ਉਸ ਨੂੰ ਪਤਾ ਲੱਗਾ ਕਿ ਉਹ ਤਾਂ ਸਿਰ ਤੋਂ ਮੁੰਡਿਤ ਮੁਨੀ ਹੈ। ਕੋਈ ਰਾਜਾ ਨਹੀਂ। ਫਿਰ ਉਸ ਨੂੰ ਪਛਤਾਵਾ ਹੋਇਆ ਕਿ ਮੈਂ ਰਾਜ ਛੱਡਿਆ, ਪਰ ਸਾਧੂ ਜੀਵਨ ਦੇ ਵਿਰੁੱਧ ਕੰਮ ਕੀਤਾ ਹੈ। ਇਹ ਸੋਚਦੇ ਹੋਏ ਉਸ ਨੇ ਆਪਣੇ ਕਰਮ ਦੀ ਨਿੰਦਾ ਆਲੋਚਨਾ ਕਰਕੇ ਮੈਨੂੰ ਨਮਸਕਾਰ ਕਰਕੇ ਪ੍ਰਤੀਕ੍ਰਮਣ ਕਰਦਾ ਹੋਇਆ ਧਿਆਨ ਵਿੱਚ ਲੀਣ ਹੋ ਗਿਆ। ਇਸ ਸ਼ੁੱਧ ਧਿਆਨ ਤੋਂ ਮੁਨੀ ਦੇ ਸਾਰੇ ਅਸ਼ੁਭ ਕਰਮਾਂ ਦਾ ਨਾਸ਼ ਹੋ ਗਿਆ ਤੇ ਉਸ ਨੇ ਪੁੰਨ ਪ੍ਰਾਪਤ ਕੀਤਾ। ਇਨ੍ਹਾਂ ਦੋ ਕਾਲਾਂ ਦੇ ਆਧਾਰ 'ਤੇ ਉਸ ਦੀਆਂ ਦੋ ਗਤੀਆਂ ਮੈਂ ਆਖੀਆਂ ਹਨ।

ਫਿਰ ਰਾਜਾ ਕੋਨਿਕ ਨੇ ਸੁਧਰਮਾ ਸੁਆਮੀ ਤੋਂ ਪੁੱਛਿਆ ਕਿ ਭਗਵਾਨ, ਪ੍ਰਸੰਨ ਚੰਦਰ ਛੋਟੇ ਬੱਚੇ ਨੂੰ ਰਾਜ ਸੰਭਾਲ ਕੇ ਸਾਧੂ ਕਿਉਂ ਬਣਿਆ ? ਸੁਧਰਮਾ ਸੁਆਮੀ ਨੇ ਕਿਹਾ ਕਿ ਮੈਂ ਇਸ ਦਾ ਬਿਰਤਾਂਤ ਦੱਸਦਾ ਹਾਂ। ਪੋਤਨਪੁਰ ਦਾ ਰਾਜਾ ਸੋਮ ਚੰਦਰ ਆਪਣੀ ਪਟਰਾਨੀ ਧਾਰਨੀ ਦੇ ਨਾਲ ਮਹਿਲ ਦੇ ਝਰੋਖੇ ਵਿੱਚ ਬੈਠਾ ਸੀ। ਰਾਣੀ ਉਸ ਦੇ ਬਾਲ ਸੰਵਾਰ ਰਹੀ ਸੀ। ਇੱਕ ਚਿੱਟਾ ਬਾਲ ਵੇਖ ਕੇ ਰਾਣੀ ਨੇ ਆਖਿਆ ਕਿ ਰਾਜਨ ਦੂਤ ਆ ਗਿਆ ਹੈ। ਰਾਜੇ ਨੇ ਪੁੱਛਿਆ, ਕਿਹੜਾ ਦੂਤ ? ਰਾਣੀ ਨੇ ਚਿੱਟਾ ਬਲਾ ਵਿਖਾਉਂਦਿਆਂ ਆਖਿਆ ਕਿ ਇਹ ਧਰਮ ਦੂਤ ਹੈ। ਇਸ ਚਿੱਟੇ

ਬਾਲ ਨੂੰ ਵੇਖ ਕੇ ਰਾਜੇ ਦਾ ਮਨ ਦੁਖੀ ਹੋਇਆ। ਇਹ ਵੇਖ ਕੇ ਰਾਣੀ ਆਖਣ ਲੱਗੀ ਕਿ ਕੀ ਤੁਸੀਂ ਬੁਢਾਪੇ ਤੋਂ ਸ਼ਰਮਾ ਰਹੇ ਹੋ ? ਕਿਸੇ ਤੋਂ ਇਸ ਬੁਢਾਪੇ ਦਾ ਇਲਾਜ ਕਰਵਾ ਲਵੋ। ਰਾਜੇ ਨੇ ਆਖਿਆ ਦੇਵੀ ਅਜਿਹੀ ਗੱਲ ਨਹੀਂ। ਬੱਚਾ ਅਜੇ ਛੋਟਾ ਹੈ, ਮੈਂ ਪਰਜਾ ਦਾ ਪਾਲਣ ਕਰਨ ਵਿੱਚ ਅਸਮਰੱਥ ਹਾਂ। ਇਹ ਸੋਚ ਕੇ ਮੇਰਾ ਮਨ ਦੁਖੀ ਹੋਇਆ ਹੈ। ਮੈਂ ਆਪਣੇ ਵੱਡੇ ਵਡੇਰਿਆਂ ਦੇ ਰਾਹ 'ਤੇ ਨਹੀਂ ਚੱਲ ਸਕਦਾ, ਇਸੇ ਲਈ ਦੁਖੀ ਹਾਂ। ਤੁਸੀਂ ਬੱਚੇ ਦਾ ਘਰ ਵਿੱਚ ਹੀ ਪਾਲਣ ਪੋਸ਼ਣ ਕਰੋ। ਪਰ ਰਾਣੀ ਨੇ ਰਾਜੇ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਤਦ ਰਾਜੇ ਨੇ ਘਰ ਛੱਡਣ ਦਾ ਨਿਸ਼ਚਾ ਕਰਕੇ ਪੁੱਤਰ ਨੂੰ ਰਾਜ ਸੰਭਾਲ ਕੇ ਇੱਕ ਪਾਲਣ ਪੋਸ਼ਣ ਕਰਨ ਵਾਲੀ ਮਾਂ ਅਤੇ ਇੱਕ ਰਾਣੀ ਦੇ ਨਾਲ ਦਿਸ਼ਾ ਪ੍ਰੇਸ਼ਿਤ ਤਾਪਸ ਦੇ ਰੂਪ ਵਿੱਚ ਦੀਖਿਆ ਗ੍ਰਹਿਣ ਕਰ ਲਈ। ਉਹ ਜੰਗਲਾਂ ਵਿੱਚ ਨਿਵਾਸ ਕਰਨ ਲੱਗਾ। ਦੀਖਿਅਤ ਹੋਣ ਸਮੇਂ ਰਾਣੀ ਗਰਭਵਤੀ ਸੀ। ਪ੍ਰਸੰਨ ਚੰਦਰ ਦੇ ਚਾਰ ਗੁਪਤਚਰਾਂ ਨੇ ਇਹ ਗੱਲ ਦੱਸੀ। ਸਮਾਂ ਪੂਰਾ ਹੋਣ 'ਤੇ ਰਾਣੀ ਨੇ ਇੱਕ ਬੱਚੇ ਨੂੰ ਜਨਮ ਦਿੱਤਾ। ਉਸ ਨੂੰ ਬਲਕਲ ਵਿੱਚ ਰੱਖਣ ਦੇ ਕਾਰਨ ਉਸ ਦਾ ਨਾਮ ਬਲਕਲਚੀਰੀ ਰੱਖਿਆ ਗਿਆ। ਬਾਲਕ ਨੂੰ ਜਨਮ ਦੇ ਕੇ ਰਾਣੀ ਮਰ ਗਈ ਤਾਂ ਪਾਲਣ ਕਰਨ ਵਾਲੀ ਮਾਂ ਨੇ ਜੰਗਲੀ ਮੱਝ ਦੇ ਦੁੱਧ ਨਾਲ ਉਸ ਬਾਲਕ ਦਾ ਪਾਲਣ ਕੀਤਾ। ਕੁਝ ਸਮੇਂ ਬਾਅਦ ਪਾਲਣ ਕਰਨ ਵਾਲੀ ਮਾਂ ਵੀ ਮਰ ਗਈ। ਰਿਸ਼ੀ ਰੂਪ ਵਿੱਚ ਸੋਮ ਚੰਦਰ ਬਲਕਲਚੀਰੀ ਦੇ ਪਾਲਣ ਪੋਸ਼ਣ ਵਿੱਚ ਕਠਿਨਾਈ ਮਹਿਸੂਸ ਕਰਨ ਲੱਗਾ। ਜਿਉਂ ਜਿਉਂ ਬਾਲਕ ਵੱਡਾ ਹੋਇਆ ਮਹਾਰਾਜਾ ਪ੍ਰਸੰਨ ਚੰਦਰ ਆਪਣੇ ਗੁਪਤਚਰਾਂ ਤੋਂ

ਹਰ ਰੋਜ਼ ਬਲਕਲਚੀਰੀ ਦੇ ਬਾਰੇ ਜਾਣਕਾਰੀ ਪ੍ਰਾਪਤ ਕਰਦਾ। ਜਦ ਬਾਲ ਹੋਰ ਵੱਡਾ ਹੋਇਆ ਤਾਂ ਚਿੱਤਰਕਾਰਾਂ ਨੇ ਉਸ ਦਾ ਚਿੱਤਰ ਬਣਾ ਕੇ ਰਾਜਾ ਪ੍ਰਸੰਨ ਚੰਦਰ ਨੂੰ ਵਿਖਾਇਆ। ਤਾਂ ਰਾਜੇ ਨੇ ਮੋਹ ਦੇ ਵੱਸ ਹੋ ਕੇ ਛੋਟੀ ਉਮਰ ਦੀਆਂ ਗਣਿਕਾਵਾਂ ਨੂੰ ਰਿਸ਼ੀ ਦਾ ਰੂਪ ਧਾਰਨ ਕਰਵਾ ਕੇ ਉਸ ਦੇ ਕੋਲ ਭੇਜ ਦਿੱਤਾ ਅਤੇ ਕਿਹਾ ਕਿ ਤੁਸੀਂ ਬਲਕਲਚੀਰੀ ਨੂੰ ਭਿੰਨ-ਭਿੰਨ ਪ੍ਰਕਾਰ ਦੇ ਫਲਾਂ ਦੇ ਟੁਕੜੇ, ਮਿੱਠੇ ਵਚਨ ਅਤੇ ਹੋਰ ਢੰਗ ਨਾਲ ਖ਼ੁਸ਼ ਰੱਖੋ। ਉਹ ਗਣਿਕਾਵਾਂ ਰਿਸ਼ੀ ਭੇਸ ਵਿੱਚ ਆਸ਼ਰਮ ਵਿੱਚ ਆ ਗਈਆਂ ਅਤੇ ਰਿਸ਼ੀ ਬਲਕਲਚੀਰੀ ਨੂੰ ਗੁਪਤ ਰੂਪ ਵਿੱਚ ਖ਼ੁਸ਼ ਕਰਨ ਲਈ ਯਤਨ ਕਰਨ ਲੱਗੀਆਂ। ਉਹਨਾਂ ਤੋਂ ਖ਼ੁਸ਼ ਹੋ ਕੇ ਬਲਕਲਚੀਰੀ ਨੇ ਉਹਨਾਂ ਦੇ ਨਾਲ ਜਾਣ ਦਾ ਇਸ਼ਾਰਾ ਕੀਤਾ। ਬਲਕਲਚੀਰੀ ਨੇ ਆਪਣੇ ਤਪੱਸਵੀਆਂ ਦੇ ਉਪਕਰਣ ਇਕੱਠੇ ਕਰਕੇ ਇੱਕ ਥਾਂ ਰੱਖ ਕੇ ਉਹ ਚਲਾ ਗਿਆ। ਬ੍ਰਿਖ 'ਤੇ ਬੈਠੇ ਚਾਰ ਪੁਰਖਾਂ ਨੇ ਉਨ੍ਹਾਂ ਗਣੀਕਾਵਾਂ ਨੂੰ ਇਸ਼ਾਰਾ ਕੀਤਾ ਕਿ ਰਿਸ਼ੀ ਆ ਰਹੇ ਹਨ। ਉਹ ਗਣੀਕਾਵਾਂ ਉੱਥੋਂ ਚਲੀਆਂ ਗਈਆਂ। ਬਲਕਲਚੀਰੀ ਉਨ੍ਹਾਂ ਗਣੀਕਾਵਾਂ ਦਾ ਪਿੱਛਾ ਕਰਨ ਲੱਗਾ ਪਰੰਤੂ ਉਹਨਾਂ ਨੂੰ ਰਾਹ ਵਿੱਚ ਨਾ ਵੇਖ ਕੇ ਉਹ ਜੰਗਲ ਵਿੱਚ ਭਟਕ ਗਿਆ। ਜੰਗਲ ਵਿੱਚ ਭਟਕਦੇ ਹੋਏ ਉਸ ਨੇ ਰਥ ਵਿੱਚ ਬੈਠੇ ਇੱਕ ਮਨੁੱਖ ਨੂੰ ਵੇਖਿਆ ਅਤੇ ਪੁੱਛਿਆ, ਜੀ ਮੈਂ ਤੁਹਾਡਾ ਸਵਾਗਤ ਕਰਦਾ ਹਾਂ। ਰਥਵਾਨ ਨੇ ਪੁੱਛਿਆ ਕਿ ਕੁਮਾਰ ਤੁਸੀਂ ਕਿੱਥੇ ਜਾਣਾ ਚਾਹੁੰਦੇ ਹੋ। ਬਲਕਲਚੀਰੀ ਨੇ ਆਖਿਆ ਕਿ ਪੋਤਨ ਨਾਮ ਦੇ ਆਸ਼ਰਮ ਵਿੱਚ ਜਾਣਾ ਚਾਹੁੰਦਾ ਹਾਂ। ਤੁਸੀਂ ਕਿੱਥੇ ਜਾਵੋਗੇ ? ਰਥਵਾਨ ਨੇ ਆਖਿਆ ਕਿ ਮੈਂ ਵੀ ਉੱਥੇ ਹੀ ਜਾ ਰਿਹਾ ਹਾਂ। ਬਲਕਲਚੀਰੀ ਉਸ ਦੇ

ਨਾਲ ਚੱਲ ਪਿਆ। ਉਸ ਰਥਵਾਨ ਦੀ ਪਤਨੀ ਨੂੰ ਇੱਜ਼ਤ ਨਾਲ ਸੰਬੋਧਨ ਕਰਨ ਲੱਗਾ। ਪਤਨੀ ਨੇ ਰਥਵਾਨ ਤੋਂ ਪੁੱਛਿਆ ਕਿ ਇਹ ਇੱਜ਼ਤ ਦਾ ਕੀ ਕਾਰਨ ਹੈ ਤਾਂ ਰਥਵਾਨ ਨੇ ਕਿਹਾ ਕਿ ਇਹ ਕੁਮਾਰ ਇਸਤਰੀ ਦੇ ਵਿਛੋੜੇ ਤੋਂ ਆਸ਼ਰਮ ਵਿੱਚ ਇਕੱਲਾ ਰਹਿ ਗਿਆ ਹੈ। ਇਸ ਤੋਂ ਇਲਾਵਾ ਮੈਂ ਕੁਝ ਨਹੀਂ ਜਾਣਦਾ। ਇਸ ’ਤੇ ਗੁੱਸਾ ਨਹੀਂ ਕਰਨਾ ਚਾਹੀਦਾ। ਘੋੜੇ ਨੂੰ ਵੇਖ ਕੇ ਬਲਕਲਚੀਰੀ ਨੇ ਕਿਹਾ ਕਿ ਜੀ ਇਨ੍ਹਾਂ ਮਿਰਗਾਂ ਨੂੰ ਰਥ ਨਾਲ ਕਿਉਂ ਜੋਤ ਰਹੇ ਹੋ ਤਾਂ ਰਥਵਾਨ ਨੇ ਕਿਹਾ ਕਿ ਕੁਮਾਰ ਇਸ ਕੰਮ ਦੇ ਲਈ ਇਹ ਲਗਾਏ ਜਾਂਦੇ ਹਨ, ਇਸ ਵਿੱਚ ਕੋਈ ਦੋਸ਼ ਨਹੀਂ। ਰਥਵਾਨ ਨੇ ਕੁਮਾਰ ਨੂੰ ਲੱਡੂ ਦਿੱਤੇ। ਕੁਮਾਰ ਬੋਲਿਆ ਪੋਤਨ ਆਸ਼ਰਮ ਵਾਸੀਆਂ ਨੇ ਵੀ ਮੈਨੂੰ ਪਹਿਲਾਂ ਅਜਿਹੇ ਫ਼ਲ ਦਿੱਤੇ ਸੀ। ਉਸ ਤੋਂ ਅੱਗੇ ਵਧੇ ਤਾਂ ਰਾਹ ਵਿੱਚ ਇੱਕ ਚੋਰ ਮਿਲਿਆ। ਰਥਵਾਨ ਨੇ ਉਸ ਨਾਲ ਯੁੱਧ ਕੀਤਾ। ਉਸ ’ਤੇ ਵਾਰ ਕੀਤਾ। ਚੋਰ ਉਸ ਦੀ ਯੁੱਧ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਬੋਲਿਆ ਕਿ ਹੇ ਬਹਾਦਰ ! ਮੇਰੇ ਪਾਸ ਕਾਫ਼ੀ ਮਾਤਰਾ ਵਿੱਚ ਧਨ ਹੈ। ਤੁਸੀਂ ਉਸ ਨੂੰ ਲੈ ਲਵੋ। ਰਥਵਾਨ ਨੇ ਬਲਕਲਚੀਰੀ ਨੂੰ ਕੁਝ ਧਨ ਦੇ ਕੇ ਉਸ ਨੂੰ ਵਿਦਾ ਕੀਤਾ। ਉਹ ਘੁੰਮਦਾ ਹੋਇਆ ਇੱਕ ਗਣਿਕਾ ਦੇ ਘਰ ਵਿੱਚ ਦਾਖ਼ਲ ਹੋਇਆ। ਗਿਣਕਾ ਨੇ ਆਖਿਆ ਕਿ ਮੈਂ ਤੁਹਾਡਾ ਸਵਾਗਤ ਕਰਦੀ ਹਾਂ। ਬਲਕਲਚੀਰੀ ਬੋਲਿਆ ਇੰਨੇ ਮੁੱਲ ਦਾ ਮੈਨੂੰ ਲੱਡੂ ਦੇ ਦਿਓ। ਗਣਿਕਾ ਬੋਲੀ ਪਹਿਲਾਂ ਤੁਸੀਂ ਮੇਰੇ ਘਰ ਠਹਿਰੋ, ਉਸ ਨੇ ਫਿਰ ਆਪਣੇ ਨਾਈ ਨੂੰ ਬੁਲਾਇਆ। ਬਲਕਲਚੀਰੀ ਨਹੁੰ ਕਟਵਾਉਣ ਅਤੇ ਮਾਲਸ਼ ਆਦਿ ਨਹੀਂ ਕਰਵਾਉਣਾ ਚਾਹੁੰਦਾ ਸੀ। ਉਸ ਦਾ ਜਿਵੇਂ ਹੀ ਇਸ਼ਨਾਨ

ਕਰਨ ਦਾ ਸਮਾਂ ਆਇਆ ਤਾਂ ਉਹ ਆਖਣ ਲੱਗਾ ਕਿ ਮੇਰਾ ਰਿਸ਼ੀ ਵਾਲਾ ਭੇਖ ਨਾ ਉਤਾਰੋ। ਤਾਂ ਗਣਿਕਾ ਨੇ ਕਿਹਾ ਕਿ ਜੋ ਇੱਥੇ ਲੱਡੂ ਦੀ ਪ੍ਰਾਪਤੀ ਲਈ ਆਉਂਦੇ ਹਨ, ਉਨ੍ਹਾਂ ਨਾਲ ਅਜਿਹਾ ਹੀ ਵਰਤਾਓ ਕੀਤਾ ਜਾਂਦਾ ਹੈ। ਫਿਰ ਉਸ ਨੂੰ ਇਸ਼ਨਾਨ ਕਰਵਾਇਆ ਗਿਆ ਅਤੇ ਖਾਸ ਕੱਪੜੇ ਪਹਿਣਾਏ ਗਏ। ਅਨੇਕਾਂ ਗਹਿਣਿਆਂ ਨਾਲ ਉਸ ਦਾ ਸ਼ਿੰਗਾਰ ਕੀਤਾ ਗਿਆ। ਗਣਿਕਾ ਨੇ ਆਪਣੀ ਪੁੱਤਰੀ ਦਾ ਵਿਆਹ ਉਸ ਨਾਲ ਕਰ ਦਿੱਤਾ। ਤਾਂ ਉਹ ਗਣਿਕਾਵਾਂ ਵਿਆਹ ਸ਼ਾਦੀ ਦੇ ਗੀਤ ਗਾਉਣ ਲੱਗੀਆਂ,

ਏਧਰ ਬਲਕਲਚੀਰੀ ਨੂੰ ਲੁਭਾਉਣ ਲਈ ਰਿਸ਼ੀ ਭੇਖ ਵਿੱਚ ਆਈਆਂ ਗਣਿਕਾਵਾਂ ਵੀ ਆ ਪਹੁੰਚੀਆਂ। ਉਨ੍ਹਾਂ ਨੇ ਆ ਕੇ ਰਾਜਾ ਪ੍ਰਸੰਨ ਚੰਦਰ ਨੂੰ ਕਿਹਾ ਕਿ ਕੁਮਾਰ ਜੰਗਲ ਵਿੱਚ ਚਲਾ ਗਿਆ ਹੈ ਅਸੀਂ ਰਿਸ਼ੀ ਦੇ ਡਰ ਤੋਂ ਉਸ ਨੂੰ ਨਹੀਂ ਬੁਲਾ ਸਕੀਆਂ। ਇਹ ਸੁਣ ਕੇ ਰਾਜਾ ਗੁੱਸੇ ਹੋ ਗਿਆ। ਉਹ ਸੋਚਣ ਲੱਗਾ ਕਿ ਮੇਰੇ ਤੋਂ ਕੀ ਗਲਤ ਕੰਮ ਹੋ ਗਿਆ। ਨਾ ਤਾਂ ਕੁਮਾਰ ਪਿਤਾ ਕੋਲ ਰਹਿ ਸਕਿਆ ਅਤੇ ਨਾ ਇੱਥੇ ਆਇਆ। ਪਤਾ ਨਹੀਂ ਉਸ ਨਾਲ ਕੀ ਭਾਣਾ ਬੀਤਿਆ ਹੋਵੇਗਾ। ਰਾਜਾ ਫ਼ਿਕਰ ਵਿੱਚ ਡੁੱਬ ਗਿਆ। ਇੰਨੇ ਨੂੰ ਉਸੇ ਸਮੇਂ ਉਸ ਦੇ ਕੰਨਾਂ ਵਿੱਚ ਮਰਦੰਗ ਦੀ ਧੁਨੀ ਪਈ। ਉਸ ਦਾ ਮਨ ਦੁਖੀ ਹੋ ਗਿਆ। ਉਸ ਨੇ ਸੋਚਿਆ ਕਿ ਕਿਹੜਾ ਆਦਮੀ ਹੈ ਜੋ ਅਜਿਹੀ ਹਾਲਤ ਵਿੱਚ ਮੈਨੂੰ ਨਾਚ ਗਾਣਾ ਦਿਖਾਉਣਾ ਚਾਹੁੰਦਾ ਹੈ। ਗਣਿਕਾ ਨੂੰ ਇਹ ਗੱਲ ਇੱਕ ਆਦਮੀ ਨੇ ਆਖੀ। ਵੁਹ ਆਈ ਅਤੇ ਪ੍ਰਸੰਨ ਚੰਦਰ ਮਹਾਰਾਜ ਦੇ ਚਰਨਾਂ ਵਿੱਚ ਗਿਰ ਕੇ ਬੋਲੀ, ਦੇਵ ! ਮੈਨੂੰ ਇੱਕ ਜੋਤਸ਼ੀ ਨੇ ਦੱਸਿਆ ਸੀ ਕਿ ਖਾਸ ਦਿਨ ਖਾਸ ਸਮੇਂ ਜੋ ਵਿਅਕਤੀ ਤਾਪਸ ਦੇ ਭੇਖ ਵਿੱਚ

ਤੁਹਾਡੇ ਘਰ ਵਿੱਚ ਆਵੇਗਾ, ਉਸ ਨੂੰ ਆਪਣੀ ਲੜਕੀ ਦੇ ਦੇਵੋ, ਉਸ ਦੇ ਨਾਲ ਆਪਣੀ ਲੜਕੀ ਦੀ ਸ਼ਾਦੀ ਕਰ ਦੇਣਾ, ਉਹ ਉੱਤਮ ਪੁਰਸ਼ ਹੋਵੇਗਾ, ਉਸ ਦੇ ਨਾਲ ਸ਼ਾਦੀ ਕਰਨ ਨਾਲ ਲੜਕੀ ਸੁਖੀ ਹੋਵੇਗੀ। ਜੋਤਸ਼ੀ ਨੇ ਮੈਨੂੰ ਇਹ ਵੀ ਦੱਸਿਆ ਸੀ ਕਿ ਅਜਿਹਾ ਨੌਜਵਾਨ ਅੱਜ ਮੇਰੇ ਘਰ ਆਇਆ। ਜੋਤਸ਼ੀ ਦੇ ਆਖੇ ਅਨੁਸਾਰ ਮੈਂ ਉਸ ਨੂੰ ਸਹੀ ਮੰਨ ਕੇ ਆਪਣੀ ਪੁੱਤਰੀ ਦੀ ਸ਼ਾਦੀ ਉਸ ਲੜਕੇ ਨਾਲ ਕਰਨ ਦਾ ਮਨ ਬਣਾ ਲਿਆ ਹੈ। ਇਸੇ ਲਈ ਇਹ ਉਤਸਵ ਮਨਾਇਆ ਜਾ ਰਿਹਾ ਹੈ। ਮੈਨੂੰ ਪਤਾ ਨਹੀਂ ਕਿ ਤੁਹਾਡੇ ਕੁਮਾਰ ਕਿੱਥੇ ਗਿਆ ਹੈ। ਮੈਨੂੰ ਖ਼ਿਮਾ ਕਰੋ। ਰਾਜੇ ਨੇ ਆਪਣੇ ਆਦਮੀਆਂ ਨੂੰ ਭੇਜਿਆ, ਜਿਹੜੇ ਲੋਕਾਂ ਨੇ ਬਾਗ ਵਿੱਚ ਕੁਮਾਰ ਨੂੰ ਵੇਖਿਆ ਸੀ, ਉਹਨਾਂ ਨੇ ਕੁਮਾਰ ਨੂੰ ਪਛਾਣ ਲਿਆ। ਉਹਨਾਂ ਆ ਕੇ ਰਾਜੇ ਨੂੰ ਸਾਰੀ ਗੱਲ ਦੱਸੀ ਤਦ ਰਾਜਾ ਖੁਦ ਗਣਿਕਾ ਦੇ ਘਰ ਗਿਆ, ਉਸ ਨੇ ਚੰਦ ਦੇ ਚੇਹਰੇ ਵਾਲੇ ਵਾਲੇ ਕੁਮਾਰ ਨੂੰ ਵੇਖਿਆ। ਰਾਜੇ ਦੇ ਮਨ ਵਿੱਚ ਪਰਮ ਅਨੰਦ ਹੋਇਆ, ਉਹ ਕੁਮਾਰ ਅਤੇ ਉਸ ਦੀ ਪਤਨੀ ਨੂੰ ਲੈ ਕੇ ਮਹਿਲ ਵਿੱਚ ਆ ਗਿਆ। ਸਮਾਨ ਕੁਲ, ਰੂਪ, ਜਵਾਨੀ ਆਦਿ ਗੁਣਾਂ ਨਾਲ ਭਰਪੂਰ ਹੋਰ ਕੰਨਿਆਵਾਂ ਦੇ ਨਾਲ ਉਸ ਦੀ ਦੂਸਰੀ ਸ਼ਾਦੀ ਕੀਤੀ। ਰਾਜ ਦੀ ਵੰਡ ਦਾ ਹਿੱਸਾ ਪ੍ਰਾਪਤ ਕਰਕੇ ਕੁਮਾਰ ਬਲਕਲਚੀਰੀ ਰਾਜ ਦਾ ਸੁੱਖ ਭੋਗਣ ਲੱਗਾ। ਉਸ ਰਥਵਾਨ ਨੂੰ ਚੋਰ ਰਾਹੀਂ ਦਿੱਤੇ ਧਨ ਲਿਜਾਂਦਾ ਵੇਖ ਕੇ ਸਿਪਾਹੀਆਂ ਨੇ ਚੋਰ ਸਮਝ ਕੇ ਉਸ ਨੂੰ ਫੜ ਲਿਆ। ਰਾਜਕੁਮਾਰ ਬਲਕਲਚੀਰੀ ਨੇ ਪ੍ਰਸੰਨ ਚੰਦਰ ਨੂੰ ਆਖ ਕੇ ਰਥਵਾਨ ਨੂੰ ਮੁਕਤ ਕਰਵਾ ਦਿੱਤਾ।

ਏਧਰ ਰਾਜ ਰਿਸ਼ੀ ਸੋਮ ਚੰਦਰ ਕੁਮਾਰ ਨੂੰ ਆਸ਼ਰਮ ਵਿੱਚ ਨਾ ਵੇਖ ਕੇ ਸ਼ੋਕ ਵਿੱਚ ਡੁੱਬ ਗਿਆ। ਮਹਾਰਾਜ ਪ੍ਰਸੰਨ ਚੰਦਰ ਰਾਹੀਂ ਭੇਜਿਆ ਆਦਮੀਆਂ ਨੇ ਆ ਕੇ ਕਿਹਾ ਕਿ ਅਸੀਂ ਪੋਤਨਪੁਰ ਦੇ ਵਿੱਚ ਰਾਜਾ ਦੇ ਕੋਲ ਰਾਜਕੁਮਾਰ ਨੂੰ ਵੇਖਿਆ ਹੈ। ਇਹ ਸੁਣ ਕੇ ਰਾਜ ਰਿਸ਼ੀ ਦੀ ਤਸੱਲੀ ਹੋ ਗਈ। ਫਿਰ ਵੀ ਉਹ ਰੋਜ਼ ਕੁਮਾਰ ਨੂੰ ਯਾਦ ਕਰਦਾ ਕਰਦਾ ਇੱਕ ਦਿਨ ਅੰਨ੍ਹਾ ਹੋ ਗਿਆ। ਉਹ ਰਿਸ਼ੀਆਂ ਦੇ ਨਾਲ ਉੱਥੇ ਆਸ਼ਰਵ ਵਿੱਚ ਰਹਿਣ ਲੱਗਾ। ਬਲਕਲਚੀਰੀ ਨੂੰ ਮਹਿਲ ਵਿੱਚ ਰਹਿੰਦੇ ਹੋਏ ਬਾਰਾਂ ਸਾਲ ਬੀਤ ਗਏ।

ਇੱਕ ਬਾਰ ਅੱਧੀ ਰਾਤ ਬੀਤਣ 'ਤੇ ਉਹ ਜਾਗ ਪਿਆ ਅਤੇ ਆਪਣੇ ਪਿਤਾ ਦੇ ਬਾਰੇ ਚਿੰਤਨ ਕਰਨ ਲੱਗਾ। ਉਸ ਨੇ ਸੋਚਿਆ ਕਿ ਮੈਂ ਬੜਾ ਅਪਰਾਧੀ ਹਾਂ। ਪਤਾ ਨਹੀਂ ਮੇਰੇ ਪਿਤਾ ਕਿੱਥੇ ਹਨ। ਉਸ ਦੇ ਮਨ ਵਿੱਚ ਪਿਤਾ ਨੂੰ ਵੇਖਣ ਦੀ ਲਾਲਸਾ ਜਾਗ ਪਈ। ਸਵੇਰ ਹੁੰਦੇ ਹੀ ਉਹ ਮਹਾਰਾਜਾ ਪ੍ਰਸੰਨ ਚੰਦਰ ਕੋਲ ਆ ਕੇ ਆਖਣ ਲੱਗਾ, ਦੇਵ ! ਮੈਨੂੰ ਪਿਤਾ ਨੂੰ ਵੇਖਣ ਦੀ ਇੱਛਾ ਪ੍ਰਗਟ ਹੋਈ ਹੈ, ਇਸ ਲਈ ਮੈਨੂੰ ਵਿਦਾ ਕਰੋ। ਪ੍ਰਸੰਨ ਚੰਦਰ ਨੇ ਕਿਹਾ ਕਿ ਆਪਾਂ ਦੋਵੇਂ ਚੱਲਦੇ ਹਾਂ। ਉਹ ਆਸ਼ਰਮ ਵਿੱਚ ਗਏ ਅਤੇ ਰਾਜ ਰਿਸ਼ੀ ਨੂੰ ਆਖਣ ਲੱਗੇ ਕਿ ਪ੍ਰਸੰਨ ਚੰਦਰ ਪ੍ਰਣਾਮ ਕਰਦਾ ਹੈ। ਚਰਨਾਂ ਵਿੱਚ ਡਿੱਗਦੇ ਹੀ ਪ੍ਰਸੰਨ ਚੰਦਰ ਦਾ ਰਾਜ ਰਿਸ਼ੀ ਨੇ ਹੱਥ ਛੋਹ ਲਿਆ ਅਤੇ ਕਿਹਾ ਕਿ ਪੁੱਤਰ ਰਾਜੀ ਹੋ ! ਬਲਕਲਚੀਰੀ ਨੇ ਪ੍ਰਣਾਮ ਕੀਤਾ, ਰਾਜ ਰਿਸ਼ੀ ਨੇ ਲੰਮੇ ਸਮੇਂ ਉਸ ਨੂੰ ਆਪਣੀ ਜੱਫ਼ੀ ਵਿੱਚ ਲਿਆ। ਅੱਖਾਂ ਵਿੱਚ ਹੰਝੂ ਆ ਗਏ। ਰਾਜ ਰਿਸ਼ੀ ਨੇ ਅੱਖਾਂ ਖੋਲ੍ਹੀਆਂ ਦੋਵੇਂ ਪੁੱਤਰਾਂ ਨੂੰ ਵੇਖ ਕੇ ਰਾਜ

ਰਿਸ਼ੀ ਸੰਤੁਸ਼ਟ ਹੋ ਗਏ। ਬੀਤੇ ਸਮੇਂ ਦੀ ਸਾਰੀ ਗੱਲ ਉਹਨਾਂ ਨੂੰ ਦੱਸੀ। ਕੁਮਾਰ ਬਲਕਲਚੀਰੀ ਕੁਟੀਆ ਵਿੱਚ ਇਹ ਵੇਖਣ ਲਈ ਗਿਆ ਕਿ ਰਾਜ ਰਿਸ਼ੀ ਪਿਤਾ ਦੇ ਤਾਪਸ ਉਪਕਰਣ ਕਿਸ ਹਾਲਤ ਵਿੱਚ ਹਨ। ਉਹ ਕੁਟੀਆ ਵਿੱਚ ਗਿਆ ਅਤੇ ਆਪਣੇ ਦੁਪੱਟੇ ਦੇ ਪੱਲੇ ਨਾਲ ਉਨ੍ਹਾਂ ਉਪਕਰਣਾਂ ਨੂੰ ਝਾੜਿਆ। ਜਿਉਂ ਹੀ ਉਹ ਪਾਤਰ ਕੇਸਰੀ ਨੂੰ ਝਾੜਨ ਲੱਗਾ ਤਾਂ ਉਸ ਨੇ ਝਾੜਦੇ ਝਾੜਦੇ ਸੋਚਿਆ ਕਿ ਮੈਂ ਅਜਿਹੀਆਂ ਕਿਰਿਆਵਾਂ ਪਹਿਲਾਂ ਵੀ ਕੀਤੀਆਂ ਹਨ। ਇਸ ਤਰ੍ਹਾਂ ਸੋਚਦੇ ਸੋਚਦੇ ਉਸ ਨੂੰ 'ਜਾਮੀ ਸਿਮਰਨ ਗਿਆਨ' ਪ੍ਰਾਪਤ ਹੋਇਆ। ਉਸ ਨੇ ਦੇਵ ਜੂਨੀ, ਮਨੁੱਖ ਜੂਨੀ, ਪਿਛਲੇ ਜਨਮ ਵਿੱਚ ਸਾਧੂ ਜੀਵਨ ਪਾਲਣ ਦੀ ਯਾਦ ਆ ਗਈ। ਇਸ ਯਾਦ ਨਾਲ ਉਸ ਦਾ ਵੈਰਾਗ ਵਧ ਗਿਆ ਅਤੇ ਉਸ ਨੂੰ ਸ਼ੁੱਧ ਪ੍ਰਣਾਮਾਂ ਨਾਲ ਸ਼ੁਕਲ ਧਿਆਨ ਦੀ ਦੂਸਰੀ ਭੂਮਿਕਾ ਨੂੰ ਪਾਰ ਕਰਕੇ ਗਿਆਨ, ਦਰਸ਼ਨ, ਚਰਿੱਤਰ ਉੱਪਰ ਚੜ੍ਹ ਕੇ ਉਸ ਨੇ ਮੋਹ ਅਤੇ ਅੰਤਰਾਏ ਕਰਮਾਂ ਦਾ ਨਾਸ਼ ਕਰ ਦਿੱਤਾ ਅਤੇ ਉਹ ਕੇਵਲੀ ਹੋ ਗਿਆ। ਉਹ ਬਾਹਰ ਨਿਕਲਿਆ ਤਾਂ ਉਸ ਨੇ ਆਪਣਾ ਪਿਤਾ ਰਾਜ ਰਿਸ਼ੀ ਸੋਮ ਚੰਦਰ ਅਤੇ ਮਹਾਰਾਜਾ ਪ੍ਰਸੰਨ ਚੰਦਰ ਨੂੰ ਜੈਨ ਧਰਮ ਦਾ ਉਪਦੇਸ਼ ਦਿੱਤਾ। ਉਨ੍ਹਾਂ ਦੋਹਾਂ ਨੂੰ ਸੱਮਿਅਕਤਵ ਦੀ ਪ੍ਰਾਪਤੀ ਹੋਈ। ਦੋਹਾਂ ਨੇ ਕੇਵਲੀ ਨੂੰ ਸਿਰ ਝੁਕਾ ਕੇ ਪ੍ਰਣਾਮ ਕੀਤਾ, ਉਹ ਬੋਲੇ ਤੁਸੀਂ ਸਾਨੂੰ ਚੰਗਾ ਰਾਹ ਵਿਖਾਇਆ ਹੈ। ਪ੍ਰਤੇਕ ਬੁੱਧ ਬਲਕਲਚੀਰੀ ਪਿਤਾ ਨੂੰ ਨਾਲ ਲੈ ਕੇ ਵਰਧਮਾਨ ਸਵਾਮੀ ਕੋਲ ਚਲਾ ਗਿਆ। ਮਹਾਰਾਜਾ ਪ੍ਰਸੰਨ ਚੰਦਰ ਆਪਣੇ ਸ਼ਹਿਰ ਵਿੱਚ ਚਲੇ ਗਏ। ਭਗਵਾਨ ਮਹਾਵੀਰ ਘੁੰਮਦੇ ਘੁੰਮਦੇ ਪੋਤਨਪੁਰ ਨਗਰ ਦੇ ਮਨੋਰਮ ਬਗੀਚੇ ਵਿੱਚ ਆਏ। ਬਲਕਲਚੀਰੀ ਦੇ

ਉਪਦੇਸ਼ ਨਾਲ ਪ੍ਰਸੰਨ ਚੰਦਰ ਨੂੰ ਵੈਰਾਗ ਉਤਪੰਨ ਹੋ ਗਿਆ। ਉਹ ਆਪਣੇ ਛੋਟੇ ਪੁੱਤਰ ਨੂੰ ਰਾਜ ਸੰਭਾਲ ਕੇ ਸਾਧੂ ਬਣ ਗਿਆ। ਸ਼ਾਸਤਰਾਂ ਦਾ ਗਿਆਨ ਪ੍ਰਾਪਤ ਕਰਦਾ ਹੋਇਆ ਉਹ ਰਾਜ ਰਿਸ਼ੀ ਪ੍ਰਸੰਨ ਚੰਦਰ ਮਗਧ ਦੇ ਰਾਜਗ੍ਰਹੀ ਨਗਰੀ ਵਿੱਚ ਆਇਆ। ਉੱਥੇ ਉਹ ਗਰਮੀ ਲੈ ਰਿਹਾ ਸੀ। ਮਹਾਰਾਜਾ ਸ਼੍ਰੈਣਿਕ ਨੇ ਉਸ ਨੂੰ ਨਮਸਕਾਰ ਕੀਤਾ। ਇਹ ਉਸ ਦੇ ਘਰ ਛੱਡਣ ਦੀ ਕਹਾਣੀ ਹੈ।

ਭਗਵਾਨ ਮਹਾਵੀਰ ਨੇ ਪ੍ਰਸੰਨ ਚੰਦਰ ਰਾਜ ਰਿਸ਼ੀ ਦੇ ਅਸ਼ੁਭ ਧਿਆਨ ਦੇ ਕਾਰਨ ਨਰਕ ਦੇਵਗਤੀ ਦੀ ਉੱਚੀ ਸਥਿਤੀ ਦਾ ਵਰਣਨ ਕਰ ਰਹੇ ਸਨ ਇੰਨੇ ਵਿੱਚ ਹੀ ਰਾਜ ਰਿਸ਼ੀ ਜੋ ਸੂਰਜ ਦੀ ਗਰਮੀ ਲੈ ਰਿਹਾ ਸੀ, ਅਸਮਾਨ ਵਿੱਚ ਦੇਵਤਿਆਂ ਦੀ ਹਲਚਲ ਸ਼ੁਰੂ ਹੋਈ। ਸ਼੍ਰੈਣਿਕ ਨੇ ਭਗਵਾਨ ਮਹਾਵੀਰ ਨੂੰ ਪੁੱਛਿਆ, ਇਹ ਦੇਵਤੇ ਕਿਉਂ ਹਲਚਲ ਕਰ ਰਹੇ ਹਨ। ਭਗਵਾਨ ਨੇ ਉੱਤਰ ਦਿੱਤਾ, ਮੁਨੀ ਪ੍ਰਸੰਨ ਚੰਦਰ ਨੂੰ ਕੇਵਲ ਗਿਆਨ ਦੀ ਪ੍ਰਾਪਤੀ ਹੋਈ ਹੈ, ਇਸ ਲਈ ਦੇਵਤੇ ਆ ਰਹੇ ਹਨ। ਫਿਰ ਸ਼੍ਰੈਣਿਕ ਨੇ ਪੁੱਛਿਆ ਕਿ ਭਗਵਾਨ ਕੇਵਲ ਗਿਆਨ ਕਿਸ ਵਿਅਕਤੀ ਤੋਂ ਖ਼ਤਮ ਹੋਵੇਗਾ। ਉਸ ਸਮੇਂ ਬ੍ਰਹਮ ਲੋਕ ਦਾ ਦਵਿੰਦਰ ਸਾਮਾਨਿਕ ਵਿਦੂਨ ਮਾਲੀ ਦੇਵ ਆਪਣੇ ਤੇਜ ਤੋਂ ਦਸਾਂ ਦਿਸ਼ਾਵਾਂ ਨੂੰ ਪ੍ਰਕਾਸ਼ਿਤ ਕਰਦਾ ਹੋਇਆ ਵੰਦਨਾਂ ਕਰਨ ਆਇਆ। ਭਗਵਾਨ ਨੇ ਸ਼ੈਣਿਕ ਨੂੰ ਵਿਖਾਇਆ ਕਿ ਇਹੀ ਅੰਤਿਮ ਕੇਵਲੀ ਹੋਵੇਗਾ।

# ਪਦਵੀ ਦਾ ਮਹੱਤਵ

ਇੱਕ ਰਾਜਾ ਯਾਤਰਾ ਦੀ ਤਿਆਰੀ ਕਰ ਰਿਹਾ ਸੀ। ਰਾਜੇ ਨੇ ਕਿਸੇ ਪਿੰਡ ਵਿੱਚ ਸੁਨੇਹਾ ਭਿਜਵਾਇਆ ਕਿ ਸਫ਼ਰ ਦੇ ਸਮੇਂ ਪੜਾਅ ਦੇ ਲਈ ਉਸ ਦੇ ਠਹਿਰਣ ਯੋਗ ਮਕਾਨ ਬਣਾਉਣਾ ਹੈ। ਰਾਜੇ ਦੇ ਦੂਤ ਨੇ ਪਿੰਡ ਜਾ ਕੇ ਰਾਜੇ ਦਾ ਸੁਨੇਹਾ ਦਿੱਤਾ। ਪਿੰਡ ਦੇ ਮੁਖੀਏ ਤੋਂ ਪਤਾ ਲੱਗਿਆ ਕਿ ਰਾਜੇ ਦੇ ਠਹਿਰਣ ਯੋਗ ਘਰ ਬਣਾਇਆ ਜਾਵੇਗਾ। ਉਸ ਨੇ ਲੋਕਾਂ ਨੂੰ ਕਿਹਾ ਕਿ ਮੇਰੇ ਰਹਿਣ ਲਈ ਇੱਕ ਘਰ ਬਣਵਾ ਦਿਓ। ਪਿੰਡ ਵਾਸੀਆਂ ਨੇ ਸੋਚਿਆ ਕਿ ਰਾਜਾ ਤਾਂ ਇੱਕ ਦਿਨ ਰਹਿ ਕੇ ਚਲਾ ਜਾਵੇਗਾ, ਉਸ ਦੇ ਲਈ ਜ਼ਿਆਦਾ ਧਨ ਲਗਾ ਕੇ ਚਿੱਤਰਾਂ ਵਾਲਾ ਸੁੰਦਰ ਘਰ ਬਣਾਉਣ ਦਾ ਕੀ ਫਾਇਦਾ ਹੈ ? ਇੱਕ ਘਾਹ ਦੀ ਝੌਂਪੜੀ ਬਣਾ ਕੇ ਚਹੁੰ ਪਾਸੇ ਕੰਡਿਆਂ ਦੀ ਬਾੜ ਲਵਾ ਦੇਵਾਂਗੇ। ਪਿੰਡ ਦੇ ਮਾਲਕ ਠਾਕੁਰ ਨਾਲ ਸਾਡਾ ਰੋਜ਼ ਦਾ ਸਬੰਧ ਹੈ। ਜੇ ਉਹ ਖੁਸ਼ ਹੋਵੇਗਾ ਤਾਂ ਠੀਕ ਰਹੇਗਾ। ਇਸ ਲਈ ਉਸ ਦੇ ਲਈ ਸੁੰਦਰ ਚਿੱਤਰਾਂ ਵਾਲਾ ਚਾਰ ਦਰਵਾਜਿਆਂ ਵਾਲਾ ਘਰ ਬਣਾਵਾਂਗੇ। ਇਹ ਗੱਲ ਸੁਣ ਕੇ ਲੋਕਾਂ ਨੇ ਰਾਜੇ ਲਈ ਘਾਹ ਫੂਸ ਦੀ ਝੌਂਪੜੀ ਬਣਾ ਦਿੱਤੀ ਅਤੇ ਪਿੰਡ ਦੇ ਮਾਲਕ ਠਾਕੁਰ ਲਈ ਸੁੰਦਰ ਮਹਿਲ ਬਣਾ ਦਿੱਤਾ। ਸਫਰ ਕਰਦਾ ਰਾਜਾ ਜਦ ਉਸ ਪਿੰਡ ਵਿੱਚ ਆਇਆ ਤਾ ਉਸ ਨੇ ਸੋਚਿਆ ਕਿ ਪਿੰਡ ਵਾਲਿਆਂ ਨੇ ਮੇਰੇ ਲਈ ਚੰਗਾ ਮਹਿਲ ਬਣਾਇਆ ਹੋਵਗਾ। ਇਹ ਸੋਚ ਕੇ ਉਹ ਠਾਕੁਰ ਦੇ ਲਈ ਬਣੇ ਨਵੇਂ ਮਹਿਲ ਵਿੱਚ ਲਿਆ ਗਿਆ। ਪਿੰਡ ਵਾਲਿਆਂ ਨੇ ਕਿਹਾ ਕਿ ਮਹਾਰਾਜ ਇਹ ਤੁਹਾਡਾ ਘਰ ਨਹੀਂ, ਇਹ ਤਾਂ ਠਾਕੁਰ ਸਾਹਿਬ

ਦੀ ਰਿਹਾਇਸ਼ ਹੈ, ਤੁਹਾਡੇ ਲਈ ਤਾਂ ਝੌਂਪੜੀ ਦਾ ਨਿਰਮਾਣ ਕੀਤਾ ਗਿਆ ਹੈ। ਰਾਜਾ ਇਹ ਸੁਣ ਕੇ ਦੁਖੀ ਹੋ ਗਿਆ। ਉਸ ਨੇ ਇਹ ਸੁਣ ਕੇ ਠਾਕੁਰ ਤੋਂ ਪਿੰਡ ਦੀ ਮਾਲਕੀ ਖੋਹ ਲਈ ਅਤੇ ਪਿੰਡ ਵਾਲਿਆਂ ਨੂੰ ਵੀ ਕਰੜੀ ਸਜ਼ਾ ਦਿੱਤੀ।